**JOSHI LAW OFFICE**
Barrister, Solicitor & Notary Public
- Immigration
- Real Estate
- Commercial Law
- Affidavit
- Power of Attorney

Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



# ਕੈਨੇਡੀਅਨ ਪੰਜਾਬੀ ਪੋਸਟ

*Award winning news paper* | Canadian Punjabi Post



**SWITCH INSURANCE**
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property

905-965-7474
www.SwitchInsurance.ca
7900 Hurontario St Suite 308, Brampton, ON L6Y 0P6



To view our online newspaper visit **punjabipost.ca/epaper** | **Vol 22* Issue 108** | **Friday, June 02, 2023** | **Tel: 905-793-2202 | Fax: 905-793-2282 | news@punjabipost.ca** *ਤੁਸੀਂ 'ਪੰਜਾਬੀ ਪੋਸਟ' **Online**ਰੋਜ਼ਾਨਾ ਪੜ੍ਹ ਸਕਦੇ ਹੋ*


## ਅੰਦਰ ਇਹ ਵੀ ਪੜ੍ਹੋ

**ਨਸ਼ਿਆਂ ਬਾਰੇ ਲਿਬਰਲਾਂ ਦੀ ਪਹੁੰਚ ਖਿਲਾਫ ਪੌਲੀਏਵਰ ਵੱਲੋਂ ਲਿਆਂਦਾ ਮਤਾ ਹੋਇਆ ਫੇਲ੍ਹ**



ਪੰਨਾ 03

**ਸਾਹਮਣੇ ਆਣ ਡਿੱਗਦੀਆਂ ਤੇ ਪਤਾ ਨਹੀਂ ਕੀ-ਕੀ ਕੁਝ ਕਹੀ ਜਾਂਦੀਆਂ ਹਨ ਖਬਰਾਂ!**

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 06

# ਜੌਹਨਸਟਨ ਵੱਲੋਂ ਅਹੁਦਾ ਨਾ ਛੱਡੇ ਜਾਣ ਉੱਤੇ ਜਗਮੀਤ ਸਿੰਘ ਨੇ ਪ੍ਰਗਟਾਇਆ ਸਖ਼ਤ ਇਤਰਾਜ਼



ਓਟਵਾ, 1 ਜੂਨ (ਪੋਸਟ ਬਿਊਰੋ) : ਹਾਊਸ ਆਫ ਕਾਮਨਜ਼ ਵਿੱਚ ਬਹੁਗਿਣਤੀ ਐਮਪੀਜ਼ ਵੱਲੋਂ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮਾਮਲੇ ਵਿੱਚ ਨਿਯੁਕਤ ਸਪੈਸ਼ਲ ਰੈਪੋਰਟਰ ਡੇਵਿਡ ਜੌਹਨਸਟਨ ਤੋਂ ਮੰਗੇ ਗਏ ਅਸਤੀਫੇ ਦੇ ਬਾਵਜੂਦ ਉਨ੍ਹਾਂ ਵੱਲੋਂ ਆਪਣੇ ਅਹੁਦੇ ਤੋਂ ਪਾਸੇ ਨਾ ਹੋਣ ਦੇ ਫੈਸਲੇ ਉੱਤੇ ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ। ਜਗਮੀਤ ਸਿੰਘ ਨੇ ਆਖਿਆ ਕਿ ਢੀਠਪੁਣੇ ਦੀ ਵੀ ਹੱਦ ਹੁੰਦੀ ਹੈ ਤੇ ਜੌਹਨਸਟਨ ਐਨੇ ਵਿਰੋਧ ਦੇ ਬਾਵਜੂਦ ਘੇਸਲ ਮਾਰ ਕੇ ਅੱਗੇ ਵਧਣਾ ਚਾਹੁੰਦੇ ਹਨ। ਵੀਰਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਜੌਹਨਸਟਨ ਦੀਆਂ ਸੇਵਾਵਾਂ ਤੇ ਉਨ੍ਹਾਂ ਦੀ ਪਿਛਲੀ ਪਬਲਿਕ ਸਰਵਿਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅਸੀਂ ਪੂਰੇ ਸਤਿਕਾਰ ਨਾਂਲ ਉਨ੍ਹਾਂ ਨੂੰ ਇਸ ਅਹੁਦੇ ਤੋਂ ਪਾਸੇ ਹੋਣ ਲਈ ਵੋਟਿੰਗ ਕਰਵਾਈ ਸੀ ਪਰ ਨਤੀਜੇ ਉਨ੍ਹਾਂ ਦੇ ਖਿਲਾਫ ਆਉਣ ਤੋਂ ਬਾਅਦ ਵੀ ਉਹ ਆਪਣਾ ਅਹੁਦਾ ਨਹੀਂ ਛੱਡਣਾ ਚਾਹੁੰਦੇ ਤੇ ਇੰਜ ਵਿਵਹਾਰ ਕਰ ਰਹੇ ਹਨ ਜਿਵੇਂ ਕੁੱਝ ਹੋਇਆ ਹੀ ਨਹੀਂ।

ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਬਹੁਗਿਣਤੀ ਐਮਪੀਜ਼, ਸਾਰੇ ਹੀ ਵਿਰੋਧੀ ਪਾਰਟੀਆਂ ਨਾਲ ਸਬੰਧਤ ਸਨ, ਵੱਲੋਂ ਇੱਕ ਮਤਾ ਪਾਸ ਕੀਤਾ ਗਿਆ ਸੀ ਜਿਸ ਵਿੱਚ ਜਨਤਕ ਜਾਂਚ ਤੋਂ ਮਨ੍ਹਾਂ ਕਰਨ ਤੋਂ ਬਾਅਦ ਜੌਹਨਸਟਨ ਨੂੰ ਆਪਣਾ ਅਹੁਦਾ ਛੱਡਣ ਲਈ ਆਖਿਆ ਗਿਆ ਸੀ। ਪਰ ਮਤਾ ਪਾਸ ਹੋਣ ਤੋਂ ਇੱਕ ਘੰਟੇ ਬਾਅਦ ਹੀ ਜੌਹਨਸਟਨ ਨੇ ਇੱਕ ਬਿਆਨ ਜਾਰੀ ਕਰਕੇ ਆਪਣਾ ਕੰਮ ਜਾਰੀ ਰੱਖਣ ਦੇ ਇਰਾਦੇ ਦਾ ਖੁਲਾਸਾ ਕੀਤਾ ਗਿਆ। ਉਨ੍ਹਾਂ ਇਹ ਵੀ ਆਖਿਆ ਕਿ ਉਹ ਸਰਕਾਰ ਲਈ ਕੰਮ ਕਰ ਰਹੇ ਹਨ ਪਾਰਲੀਆਮੈਂਟ ਲਈ ਨਹੀਂ।

ਇਸ ਮੌਕੇ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਨੇ ਵੀ ਵੀਰਵਾਰ ਨੂੰ ਪ੍ਰਸ਼ਨ ਕਾਲ ਦੌਰਾਨ ਇਹ ਮੁੱਦਾ ਉਠਾਇਆ ਕਿ ਪ੍ਰਧਾਨ ਮੰਤਰੀ ਜੌਹਨਸਟਨ ਨੂੰ ਕਦੋਂ ਫਾਇਰ ਕਰਨਗੇ। ਉਨ੍ਹਾਂ ਆਖਿਆ ਕਿ ਜੌਹਨਸਟਨ ਖਿਲਾਫ ਪਾਰਲੀਆਮੈਂਟ ਕੋਲ ਬੇਭਰੋਸਗੀ ਵੋਟ ਹੈ, ਫਿਰ ਵੀ ਇਸ ਪਾਸੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

# ਗੰਨ ਵਾਇਲੰਸ ਖਿਲਾਫ ਸਾਲਾਨਾ ਦਿਨ ਮਨਾਵੇਗੀ ਸਰਕਾਰ!



ਓਟਵਾ, 1 ਜੂਨ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਹਰ ਸਾਲ ਜੂਨ ਦੇ ਪਹਿਲੇ ਸ਼ੁੱਕਰਵਾਰ ਨੂੰ ਨੈਸ਼ਨਲ ਡੇਅ ਅਗੇਂਸਟ ਗੰਨ ਵਾਇਲੰਸ ਮਨਾਉਣ ਦਾ ਐਲਾਨ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਤੇ ਟੋਰਾਂਟੋ ਰੈਪਟਰਜ਼ ਬਾਸਕਿਟਬਾਲ ਟੀਮ ਦੇ ਨੁਮਾਇੰਦਿਆਂ ਵੱਲੋਂ ਅੱਜ ਟੋਰਾਂਟੋ ਵਿੱਚ ਇੱਕ ਈਵੈਂਟ ਦੌਰਾਨ ਇਸ ਯੋਜਨਾ ਉੱਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਸਰਕਾਰ ਦਾ ਕਹਿਣਾ ਹੈ ਕਿ ਇਸ ਨੈਸ਼ਨਲ ਡੇਅ ਦਾ ਮੰਤਵ ਗੰਨ ਵਾਇਲੰਸ ਦੇ ਕਾਰਨਾਂ ਤੇ ਪ੍ਰਭਾਵਾਂ ਬਾਰੇ ਕੌਮੀ ਪੱਧਰ ਉੱਤੇ ਚਰਚਾ ਛੇੜਨਾ, ਜਾਗਰੂਕਤਾ ਪੈਦਾ ਕਰਨਾ ਹੈ।

ਇਹ ਮਸਲਾ ਉਸ ਸਮੇਂ ਉੱਠਿਆ ਹੈ ਜਦੋਂ ਸੈਨੇਟ ਵੱਲੋਂ ਹੈਂਡਗੰਨਜ਼, ਹਥਿਆਰਾਂ ਦੀ ਸਮਗਲਿੰਗ, ਗੋਸਟ ਗੰਨਜ਼(ਘਰਾਂ ਵਿੱਚ ਤਿਆਰ ਕੀਤੀਆਂ ਗਈਆਂ ਗੰਨਜ਼) ਤੇ ਅਸਾਲਟ ਸਟਾਈਲ ਹਥਿਆਰਾਂ ਉੱਤੇ ਰੋਕ ਲਈ ਸਰਕਾਰ ਵੱਲੋਂ ਲਿਆਂਦੇ ਬਿੱਲ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਇਸ ਬਿੱਲ ਦਾ ਕੰਜ਼ਰਵੇਟਿਵਾਂ ਵੱਲੋਂ ਹਾਊਸ ਆਫ ਕਾਮਨਜ਼ ਵਿੱਚ ਜ਼ੋਰਦਾਰ ਵਿਰੋਧ ਕੀਤਾ ਗਿਆ ਤੇ ਇਹ ਵੀ ਆਖਿਆ ਗਿਆ ਕਿ ਇਸ ਨਾਲ ਕਾਨੂੰਨ ਦੀ ਪਾਲਣਾ ਕਰਨ ਵਾਲੇ ਹਥਿਆਰਾਂ ਦੇ ਮਾਲਕਾਂ ਨੂੰ ਵੀ ਰਗੜਾ ਲੱਗ ਜਾਵੇਗਾ।

# ਅਗਲੇ ਦੋ ਦਿਨਾਂ ਲਈ ਟੋਰਾਂਟੋ ਤੇ ਜੀਟੀਏ ਵਿੱਚ ਵਧੇਗਾ ਤਾਪਮਾਨ, ਹੀਟ ਵਾਰਨਿੰਗ ਜਾਰੀ



ਟੋਰਾਂਟੋ, 1 ਜੂਨ (ਪੋਸਟ ਬਿਊਰੋ) : ਅਗਲੇ ਕਈ ਦਿਨਾਂ ਲਈ ਟੋਰਾਂਟੋ ਤੇ ਜੀਟੀਏ ਦੇ ਕਈ ਹਿੱਸਿਆਂ ਲਈ ਹੀਟ ਵਾਰਨਿੰਗ ਜਾਰੀ ਕੀਤੀ ਗਈ ਹੈ।

ਐਨਵਾਇਰਮੈਂਟ ਕੈਨੇਡਾ ਦਾ ਕਹਿਣਾ ਹੈ ਕਿ ਕੁੱਝ ਇਲਾਕਿਆਂ ਵਿੱਚ ਅਗਲੇ ਦੋ ਦਿਨਾਂ ਵਿੱਚ ਦਿਨ ਦਾ ਤਾਪਮਾਨ 31 ਡਿਗਰੀ ਸੈਲਸੀਅਸ ਰਹਿਣ ਦੀ ਸੰਭਾਵਨਾ ਹੈ। ਵੀਰਵਾਰ ਨੂੰ ਜਾਰੀ ਕੀਤੀ ਗਈ ਐਡਵਾਈਜ਼ਰੀ ਵਿੱਚ ਐਨਵਾਇਰਮੈਂਟ ਕੈਨੇਡਾ ਨੇ ਆਖਿਆ ਕਿ ਵੀਰਵਾਰ ਤੇ ਸ਼ੁੱਕਰਵਾਰ ਨੂੰ ਦਿਨ ਦਾ ਤਾਪਮਾਨ 30 ਡਿਗਰੀ ਤੋਂ 31 ਡਿਗਰੀ ਸੈਲਸੀਅਸ ਰਹਿ ਸਕਦਾ ਹੈ ਤੇ ਰਾਤ ਸਮੇਂ ਤਾਪਮਾਨ 18 ਤੋਂ 19 ਡਿਗਰੀ ਸੈਲਸੀਅਸ ਰਹਿਣ ਦੀ ਉਮੀਦ ਹੈ। ਸ਼ਨਿੱਚਰਵਾਰ ਤੋਂ ਤਾਪਮਾਨ ਵਿੱਚ ਥੋੜ੍ਹੀ ਠੰਢ ਵਰਤ ਸਕਦੀ ਹੈ।

ਇਹ ਵੀ ਆਖਿਆ ਗਿਆ ਕਿ ਇਸ ਦੌਰਾਨ ਟੋਰਾਂਟੋ ਨਵੇਂ ਤਾਪਮਾਨ ਸਬੰਧੀ ਕਈ ਨਵੇਂ ਰਿਕਾਰਡ ਕਾਇਮ ਕਰ ਸਕਦਾ ਹੈ। ਏਜੰਸੀ ਨੇ ਇਹ ਵੀ ਆਖਿਆ ਕਿ ਗਰਮ ਤੇ ਨਮੀ ਵਾਲੀ ਹਵਾ ਕਾਰਨ ਹਵਾ ਦਾ ਮਿਆਰ ਵੀ ਗੜਬੜਾ ਸਕਦਾ ਹੈ ਤੇ ਏਅਰ ਕੁਆਲਿਟੀ ਹੈਲਥ ਇੰਡੈਕਸ ਹਾਈ ਰਿਸਕ ਕੈਟੇਗਰੀ ਵਿੱਚ ਪਹੁੰਚ ਸਕਦਾ ਹੈ। ਏਜੰਸੀ ਨੇ ਆਖਿਆ ਕਿ ਇਹ ਰਿਸਕ ਬਹੁਤਾ ਕਰਕੇ ਨਿੱਕੇ ਬੱਚਿਆਂ, ਗਰਭਵਤੀ ਔਰਤਾਂ, ਬਜ਼ੁਰਗਾਂ ਤੇ ਪੁਰਾਣੀ ਬਿਮਾਰੀ ਵਾਲੇ ਲੋਕਾਂ ਨੂੰ ਜਾਂ ਫਿਰ ਘਰਾਂ ਤੋਂ ਬਾਹਰ ਕੰਮ ਕਰਨ ਤੇ ਐਕਸਰਸਾਈਜ਼ ਕਰਨ ਵਾਲਿਆਂ ਨੂੰ ਹੋ ਸਕਦਾ ਹੈ। ਮੌਸਮ ਏਜੰਸੀ ਵੱਲੋਂ ਇਹ ਵੀ ਆਖਿਆ ਗਿਆ ਕਿ ਇਸ ਤੋਂ ਪਹਿਲਾਂ ਕਿ ਤੁਹਾਨੂੰ ਪਿਆਸ ਮਹਿਸੂਸ ਹੋਵੇ ਲੋੜੋਂ ਵੱਧ ਪਾਣੀ ਪੀਵੋ ਤੇ ਠੰਢੀ ਥਾਂ ਉੱਤੇ ਰਹਿਣ ਦੀ ਕੋਸ਼ਿਸ਼ ਕਰੋ।

ਇਸ ਤਰ੍ਹਾਂ ਦੀਆਂ ਚੇਤਾਵਨੀਆਂ ਮਿਸੀਸਾਗਾ, ਬਰੈਂਪਟਨ, ਹੈਮਿਲਟਨ ਤੇ ਪੂਰਬ ਵਿੱਚ ਓਸ਼ਵਾ ਤੱਕ ਜਾਰੀ ਕੀਤੀਆਂ ਗਈਆਂ ਹਨ।


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance

SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial

647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney

Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations

www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons

Call : PARESH PATEL
(Government Approved Licensed Technician)
416 938 4598

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500
ਬਲਵਿੰਦਰ

OURR HOME & APPLIANCES
"Ourr Home In Every Home"
GET SPECIAL DISCOUNTS ON PACKAGES
HOT SUMMER Deal $1699*
SWASH The Perfect Laundry Pairing
REWARD YOURSELF
15% OFF 20% OFF 25% OFF
JENNAIR LUXURY REDEFINED
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

RANJIT GILL
Insurance Advisor
416-724-5000

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance

(416-845-1352)
Manwinder Mangat
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP

www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types / Walkie pallet Low Lift / Electric Motor Narrow Aisle Reach / Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration

Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਹਰਿਆਣੇ ਵਿੱਚ ਆ ਚੋਣ ਮੈਦਾਨ ਭਖਿਆ,
ਸਭਨਾਂ ਧਿਰਾਂ ਦਾ ਲੱਗਾ ਪਿਆ ਜ਼ੋਰ ਬੇਲੀ।
ਮਿਆਦ ਪੁੱਗਣ ਤੋਂ ਆਖਦੇ ਲੋਕ ਪਹਿਲਾਂ,
ਲੱਗਾ ਸੁਣਨ ਫਿਰ ਚੋਣ ਲਈ ਸ਼ੋਰ ਬੇਲੀ।
ਨੌਂ ਸਾਲ ਕੱਟੇ ਈ ਸੜਕ'ਤੇ ਕਾਂਗਰਸੀਆਂ,
ਤਦ ਹੀ ਉਨ੍ਹਾਂ ਦੀ ਤਿੱਖੀ ਜਿਹੀ ਤੋਰ ਬੇਲੀ।
ਉਸ ਤੋਂ ਪਹਿਲਾਂ ਚੌਟਾਲੇ ਸੀ ਬਾਹਰ ਹੋਏ,
ਕੱਟਣਾ ਭੁੱਖ ਨੂੰ ਚਾਹੁੰਦੇ ਨਹੀਂਹੋਰ ਬੇਲੀ।
ਲੱਗੀ ਉੱਡਣ ਹੈ ਧੂੜ ਜਿਹੀ ਚਹੁੰ ਤਰਫੀਂ,
ਲੱਗਣ ਲੱਗੀ ਆ ਜਿੱਦਾਂ ਕੋਈ ਜੰਗ ਬੇਲੀ।
ਭਾਸ਼ਣਬਾਜ਼ੀ ਦਾ ਡਿੱਗਾ ਹੈ ਬਹੁਤ ਪੱਧਰ,
ਸਾਰਿਆਂ ਲਾਹੀ ਬੱਸ ਜਾਪਦੀ ਸੰਗ ਬੇਲੀ।

**ਤੀਸ ਮਾਰ ਖਾਂ**

# ਇਸ ਸਾਲ ਦੇ ਅੰਤ ਤੱਕ ਬੰਦ ਹੋਵੇਗਾ ਮਾਰਖਮ ਦਾ ਬੱਟਨਵਿੱਲ ਏਅਰਪੋਰਟ



ਮਾਰਖਮ, 1 ਜੂਨ (ਪੋਸਟ ਬਿਊਰੋ) : ਮਾਰਖਮ ਦੇ ਬੱਟਨਵਿੱਲ ਏਅਰਪੋਰਟ ਦੇ ਭਵਿੱਖ ਬਾਰੇ ਕਈ ਸਾਲਾਂ ਤੋਂ ਚੱਲ ਰਹੀ ਬਹਿਸ ਆਖਿਰਕਾਰ ਮੁੱਕ ਗਈ ਹੈ। ਟੋਰਾਂਟੋ ਬੱਟਨਵਿੱਲ ਮਿਊਂਸਪਲ ਏਅਰਪੋਰਟ ਨੂੰ 30 ਨਵੰਬਰ, 2023 ਨੂੰ ਬੰਦ ਕਰ ਦਿੱਤਾ ਜਾਵੇਗਾ।

ਟੋਰਾਂਟੋ ਏਅਰਵੇਜ਼ ਲਿਮਟਿਡ ਦੇ ਪ੍ਰੈਜ਼ੀਡੈਂਟ ਡੈਰੇਕ ਸਿਫਟਨ ਨੇ ਏਅਰਪੋਰਟ ਸਟਾਫ ਤੇ ਟੈਨੈਂਟਸ ਨੂੰ ਲਿਖੇ ਇੱਕ ਪੱਤਰ ਵਿੱਚ ਆਖਿਆ ਕਿ ਲੀਜ਼ ਅਗਰੀਮੈਂਟ ਜਿਸ ਕਾਰਨ ਇਹ ਏਅਰਪੋਰਟ ਚੱਲ ਰਿਹਾ ਸੀ ਐਕਸਪਾਇਰ ਹੋਣ ਜਾ ਰਿਹਾ ਹੈ। ਇਸ ਲਈ ਇਸ ਏਅਰਪੋਰਟ ਉੱਤੇ ਸਾਰੀ ਕਾਰਵਾਈ ਤੇ ਸਾਰੀਆਂ ਗਤੀਵਿਧੀਆਂ 30 ਨਵੰਬਰ, 2023 ਤੱਕ ਬੰਦ ਕਰ ਦਿੱਤੀਆਂ ਜਾਣਗੀਆਂ। ਇਸ ਪੱਤਰ ਵਿੱਚ ਏਅਰਪੋਰਟ ਦੇ ਸਟਾਫ, ਕਾਂਟਰੈਕਟਰਜ਼, ਕਿਰਾਏਦਾਰਾਂ ਦਾ ਉਨ੍ਹਾਂ ਦੀ ਵਫਾਦਾਰੀ ਤੇ ਸਮਰਪਣ ਭਾਵਨਾ ਨਾਲ ਕੰਮ ਕਰਨ ਲਈ ਧੰਨਵਾਦ ਕੀਤਾ ਗਿਆ ਸੀ।


ਜ਼ਿਕਰਯੋਗ ਹੈ ਕਿ ਇਸ ਏਅਰਪੋਰਟ ਦੇ ਬੰਦ ਹੋਣ ਦੀਆਂ ਅਫਵਾਹਾਂ ਕਈ ਸਾਲਾਂ ਤੋਂ ਸੁਣਨ ਨੂੰ ਮਿਲ ਰਹੀਆਂ ਹਨ। 2009 ਵਿੱਚ ਸਿਫਟਨ ਪਰਿਵਾਰ, ਜਿਨ੍ਹਾਂ ਕੋਲ ਪਿਛਲੇ 40 ਸਾਲਾਂ ਤੋਂ ਇਸ ਏਅਰਪੋਰਟ ਦੀ ਮਲਕੀਅਤ ਹੈ, ਵੱਲੋਂ ਇਸ ਨੂੰ ਮੁੜ ਵਿਕਸਤ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਗਿਆ। 2010 ਵਿੱਚ ਕੈਡੀਲੈਕ ਫੇਅਰਵਿਊ ਨੇ ਸਾਂਝੇ ਤੌਰ ਉੱਤੇ ਡਿਵੈਲਪਰਜ਼ ਨਾਲ ਰਲ ਕੇ ਇਸ ਪ੍ਰਾਪਰਟੀ ਨੂੰ ਖਰੀਦ ਲਿਆ। ਪਰ ਇਸ ਸਾਈਟ ਦੇ ਭਵਿੱਖ ਦੀ ਪਲੈਨਿੰਗ ਵਿੱਚ ਆਉਣ ਵਾਲੀਆਂ ਦਿੱਕਤਾਂ ਕਾਰਨ ਇਸ ਨੂੰ ਬੰਦ ਕਰਨ ਵਿੱਚ ਵੀ ਦੇਰ ਹੋਈ। 2018 ਵਿੱਚ ਵੀ ਇੱਕ ਵਾਰੀ ਇਹ ਏਅਰਪੋਰਟ ਬੰਦ ਹੋਣ ਦੀ ਕਗਾਰ ਉੱਤੇ ਪਹੁੰਚ ਗਿਆ ਸੀ ਤੇ ਉਸ ਸਮੇਂ ਦੇਸ਼ ਦੇ ਏਅਰ ਟਰੈਫਿਕ ਕੰਟਰੋਲ ਤੇ ਸਿਵਿਲ ਏਅਰ ਨੇਵੀਗੇਸ਼ਨ ਸਿਸਟਮ ਨੂੰ ਚਲਾਉਣ ਵਾਲੇ ਨਵ ਕੈਨੇਡਾ ਨੇ ਇੱਥੋਂ ਦੇ ਸਾਰੇ ਕੰਮਕਾਜ ਠੱਪ ਕਰਕੇ ਸਟਾਫ ਨੂੰ ਕੱਢਣ ਤੱਕ ਦੀ ਤਿਆਰੀ ਕਰ ਲਈ ਸੀ। ਪਰ ਉਸੇ ਸਾਲ ਇਹ ਐਲਾਨ ਕੀਤਾ ਗਿਆ ਕਿ ਬੱਟਨਵਿੱਲ ਏਅਰਪੋਰਟ 2023 ਤੱਕ ਚੱਲਦਾ ਰਹੇਗਾ।

# ਮੇਅਰ ਦੇ ਅਹੁਦੇ ਦੇ ਉਮੀਦਵਾਰਾਂ ਨੂੰ ਧਮਕੀਆਂ ਮਿਲਣ ਤੋਂ ਬਾਅਦ ਬਹਿਸ ਹੋਈ ਰੱਦ



ਟੋਰਾਂਟੋ, 1 ਜੂਨ (ਪੋਸਟ ਬਿਊਰੋ) : ਟੋਰਾਂਟੋ ਦੇ ਮੇਅਰ ਦੇ ਅਹੁਦੇ ਲਈ ਵੀਰਵਾਰ ਨੂੰ ਹੋਣ ਵਾਲੀ ਬਹਿਸ ਉਸ ਸਮੇਂ ਰੱਦ ਕਰ ਦਿੱਤੀ ਗਈ ਜਦੋਂ ਕਈ ਉਮੀਦਵਾਰਾਂ ਨੂੰ ਆਨਲਾਈਨ ਮੌਤ ਦੀਆਂ ਧਮਕੀਆਂ ਮਿਲੀਆਂ। ਧਮਕੀਆਂ ਦੇਣ ਵਾਲੇ ਇਸ ਮਸ਼ਕੂਕ ਦੀ ਪੁਲਿਸ ਭਾਲ ਕਰ ਰਹੀ ਹੈ।

ਉਮੀਦਵਾਰਾਂ ਵੱਲੋਂ ਓਨਟਾਰੀਓ ਕਾਲਜ ਆਫ ਆਰਟ ਐਂਡ ਡਿਜ਼ਾਈਨ ਯੂਨੀਵਰਸਿਟੀ (ਓਸੀਏਡੀ) ਵਿਖੇ ਬਹਿਸ ਕੀਤੀ ਜਾਣੀ ਸੀ। ਟੋਰਾਂਟੋ ਪੁਲਿਸ ਨੇ ਆਖਿਆ ਕਿ ਈਸਟ ਯੌਰਕ ਵਿੱਚ ਦਿਨ ਵੇਲੇ ਮੇਅਰ ਦੇ ਅਹੁਦੇ ਦੇ ਉਮੀਦਵਾਰਾਂ ਨੂੰ ਗੋਲੀ ਮਾਰਨ ਦੀ ਧਮਕੀ ਦੇਣ ਵਾਲੇ ਇਸ ਸ਼ਖ਼ਸ ਨੂੰ ਪੁਲਿਸ ਹਥਿਆਰਬੰਦ ਤੇ ਖ਼ਤਰਨਾਕ ਮੰਨ ਕੇ ਚੱਲ ਰਹੀ ਹੈ। ਵੀਰਵਾਰ ਨੂੰ ਜਾਂਚਕਾਰਾਂ ਨੂੰ ਸਵੇਰੇ 10:45 ਉੱਤੇ ਮੋਰਟਾਈਮਰ ਐਵਨਿਊ ਤੇ ਮੈਮੋਰੀਅਲ ਪਾਰਕ ਐਵਨਿਊ ਵਿੱਚ ਸਥਿਤ ਇੱਕ ਇੰਸਟੀਚਿਊਸ਼ਨ ਵਿੱਚ ਸੱਦਿਆ ਗਿਆ।



ਇਹ ਦੱਸਿਆ ਗਿਆ ਕਿ ਇੱਕ ਵਿਅਕਤੀ ਇਸ ਇੰਸਟੀਚਿਊਟ ਵਿੱਚ ਦਾਖਲ ਹੋਇਆ ਤੇ ਉਸ ਨੇ ਟੋਰਾਂਟੋ ਦੇ ਮੇਅਰ ਦੇ ਅਹੁਦੇ ਦੇ ਉਮੀਦਵਾਰਾਂ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ। ਉਸ ਵੱਲੋਂ ਕਥਿਤ ਤੌਰ ਉੱਤੇ ਕੋਈ ਹਥਿਆਰ ਵੀ ਵਿਖਾਇਆ ਗਿਆ। ਇਹ ਸਪਸ਼ਟ ਨਹੀਂ ਹੋ ਸਕਿਆ ਕਿ ਧਮਕੀ ਵਿੱਚ ਕਿਸ ਉਮੀਦਵਾਰ ਦਾ ਜ਼ਿਕਰ ਕੀਤਾ ਗਿਆ। ਪੁਲਿਸ ਦੇ ਬੁਲਾਰੇ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਅਸੀਂ ਇਹ ਮੰਨ ਕੇ ਚੱਲ ਰਹੇ ਹਾਂ ਕਿ ਆਨਲਾਈਨ ਧਮਕੀਆਂ ਦੇਣ ਵਾਲਾ ਵੀ ਇਹੋ ਸ਼ਖ਼ਸ ਹੋ ਸਕਦਾ ਹੈ।

# ਬਹੁਗਿਣਤੀ ਐਮਪੀਜ਼ ਨੇ ਜੌਹਨਸਟਨ ਤੋਂ ਅਸਤੀਫਾ ਦੇਣ ਦੀ ਕੀਤੀ ਮੰਗ






ਓਟਵਾ, 1 ਜੂਨ (ਪੋਸਟ ਬਿਊਰੋ) : ਚੋਣਾਂ ਵਿੱਚ ਵਿਦੇਸ਼ੀ ਦਖਲ ਦੇ ਮੁੱਦੇ ਨਾਲ ਸਹੀ ਢੰਗ ਨਾਲ ਸਰਕਾਰ ਵੱਲੋਂ ਨਜਿੱਠਿਆ ਜਾ ਰਿਹਾ ਹੈ ਇਸ ਦਾ ਕੈਨੇਡੀਅਨਜ਼ ਨੂੰ ਭਰੋਸਾ ਦਿਵਾਉਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਬੁੱਧਵਾਰ ਨੂੰ ਉਸ ਸਮੇਂ ਢਾਹ ਲੱਗੀ ਜਦੋਂ ਹਾਊਸ ਆਫ ਕਾਮਨਜ਼ ਵਿੱਚ ਬਹੁਗਿਣਤੀ ਐਮਪੀਜ਼ ਵੱਲੋਂ ਸਪੈਸ਼ਲ ਰੈਪੋਰਟਰ ਨਿਯੁਕਤ ਕੀਤੇ ਗਏ ਡੇਵਿਡ ਜੌਹਨਸਟਨ ਨੂੰ ਇਸ ਅਹੁਦੇ ਤੋਂ ਪਾਸੇ ਹੋਣ ਦੇ ਹੱਕ ਵਿੱਚ ਵੋਟ ਪਾਈ ਗਈ। ਇਸ ਤਰ੍ਹਾਂ ਦੀ ਮੰਗ ਜੌਹਨਸਟਨ ਵੱਲੋਂ ਫੌਰੀ ਖਾਰਜ ਕਰ ਦਿੱਤੀ ਗਈ।

ਸਪੈਸ਼ਲ ਰੈਪੋਰਟਰ ਦੀ ਭੂਮਿਕਾ ਤੋਂ ਖੁਦ ਨੂੰ ਵੱਖ ਕਰਨ ਦੀ ਮੰਗ ਲਈ ਐਨਡੀਪੀ ਵੱਲੋਂ ਮਤਾ ਲਿਆਂਦਾ ਗਿਆ ਤੇ ਵਿਰੋਧੀ ਧਿਰਾਂ ਦੇ ਐਮਪੀਜ਼ ਵੱਲੋਂ ਰਲ ਕੇ ਇਸ ਦੇ ਹੱਕ ਵਿੱਚ ਵੋਟ ਪਾਈ ਗਈ। ਇਹ ਮਤਾ 150 ਦੇ ਮੁਕਾਬਲੇ 174 ਵੋਟਾਂ ਨਾਲ ਪਾਸ ਹੋਇਆ। ਇਸ ਮਤੇ ਵਿੱਚ ਇਹ ਵੀ ਆਖਿਆ ਗਿਆ ਸੀ ਕਿ ਫੈਡਰਲ ਸਰਕਾਰ ਬਿਨਾਂ ਦੇਰ ਦੇ ਇਸ ਮਾਮਲੇ ਵਿੱਚ ਜਨਤਕ ਜਾਂਚ ਸ਼ੁਰੂ ਕਰਾਵੇ। ਹਾਲਾਂਕਿ ਇਹ ਕਦਮ ਸੰਕੇਤਾਤਮਕ ਸੀ ਤੇ ਇਸ ਨਾਲ ਜੌਹਨਸਟਨ ਦੇ ਅਹੁਦੇ ਨੂੰ ਕੋਈ ਖਤਰਾ ਖੜ੍ਹਾ ਨਹੀਂ ਹੋਣ ਵਾਲਾ ਪਰ ਐਨਡੀਪੀ ਆਗੂ ਜਗਮੀਤ ਸਿੰਘ ਨੇ ਬੁੱਧਵਾਰ ਨੂੰ ਆਖਿਆ ਕਿ ਉਹ ਆਸ ਕਰਦੇ ਹਨ ਕਿ ਇਸ ਨਾਲ ਟਰੂਡੋ ਨੂੰ ਇਹ ਸੰਕੇਤ ਮਿਲ ਗਿਆ ਹੋਵੇਗਾ ਕਿ ਹਾਊਸ ਆਫ ਕਾਮਨਜ਼ ਦਾ ਜੌਹਨਸਟਨ ਉੱਤੇ ਕੋਈ ਭਰੋਸਾ ਨਹੀਂ ਰਿਹਾ।

ਉਨ੍ਹਾਂ ਆਖਿਆ ਕਿ ਜੌਹਨਸਟਨ ਇਸ ਅਹੁਦੇ ਉੱਤੇ ਬਣੇ ਰਹਿਣ ਇਸ ਦਾ ਕੋਈ ਕਾਰਨ ਨਹੀਂ ਰਹਿ ਗਿਆ। ਉਨ੍ਹਾਂ ਇਹ ਵੀ ਆਖਿਆ ਕਿ ਜੌਹਨਸਟਨ ਨਾਲ ਕਿਸੇ ਦੀ ਕੋਈ ਨਿਜੀ ਰੰਜਿਸ਼ ਨਹੀਂ ਹੈ ਤੇ ਨਾ ਹੀ ਉਨ੍ਹਾਂ ਦੀ ਭਰੋਸੇਯੋਗਤਾ ਉੱਤੇ ਹੀ ਇੱਥੇ ਸਵਾਲ ਕੀਤਾ ਜਾ ਰਿਹਾ ਹੈ। ਪਰ ਪੱਖਪਾਤ ਦੀ ਭਾਵਨਾ ਐਨੀ ਜ਼ਿਆਦਾ ਤੇਜ਼ ਹੈ ਕਿ ਜੌਹਨਸਟਨ ਦੀਆਂ ਕੋਸ਼ਿਸ਼ਾਂ ਉੱਤੇ ਪਾਣੀ ਫਿਰ ਸਕਦਾ ਹੈ।

# ਹੁਣ ਅੱਧੀ ਰਾਤ ਤੱਕ ਬਿੱਲਾਂ ਉੱਤੇ ਬਹਿਸ ਕਰਨਗੇ ਐਮਪੀਜ਼



ਓਟਵਾ, 1 ਜੂਨ (ਪੋਸਟ ਬਿਊਰੋ) : ਜੂਨ ਦੇ ਅੰਤ ਵਿੱਚ ਹਾਊਸ ਦੀ ਕਾਰਵਾਈ ਬੰਦ ਹੋਣ ਤੋਂ ਪਹਿਲਾਂ ਹੁਣ ਉਹ ਸਮਾਂ ਆ ਗਿਆ ਹੈ ਜਦੋਂ ਐਮਪੀਜ਼ ਬਿੱਲਾਂ ਉੱਤੇ ਰਾਤ ਤੱਕ ਬਹਿਸ ਕਰਦੇ ਹਨ। ਅਜਿਹਾ ਇਸ ਲਈ ਕਿਉਂਕਿ ਫੈਡਰਲ ਸਰਕਾਰ ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਜਿੰਨੇ ਵੱਧ ਤੋਂ ਵੱਧ ਹੋ ਸਕਣ ਬਿੱਲ ਪਾਸ ਕਰਨੇ ਚਾਹੁੰਦੀ ਹੈ।

ਬੁੱਧਵਾਰ ਨੂੰ ਸਰਕਾਰ ਦੇ ਹਾਊਸ ਲੀਡਰ ਮਾਰਕ ਹਾਲੈਂਡ ਨੇ ਐਲਾਨ ਕੀਤਾ ਕਿ ਹਾਊਸ ਆਫ ਕਾਮਨਜ਼ ਹੁਣ ਤੋਂ ਰੋਜ਼ਾਨਾ ਰਾਤ ਤੱਕ ਕੰਮ ਕਰੇਗਾ। ਜ਼ਿਕਰਯੋਗ ਹੈ ਕਿ 23 ਜੂਨ ਤੋਂ ਦੋ ਮਹੀਨੇ ਦੀਆਂ ਛੁੱਟੀਆਂ ਲਈ ਹਾਊਸ ਦੀ ਕਾਰਵਾਈ ਖਾਰਜ ਕਰ ਦਿੱਤੀ ਜਾਵੇਗੀ। ਹਾਊਸ ਦੇ ਸਿਟਿੰਗ ਸਬੰਧੀ ਘੰਟਿਆਂ ਵਿੱਚ ਵਾਧੇ ਲਈ ਨਵੰਬਰ ਵਿੱਚ ਮਤਾ ਪਾਸ ਕੀਤਾ ਗਿਆ ਸੀ ਤੇ ਹੁਣ ਐਮਪੀਜ਼ ਨੂੰ ਤਿੰਨ ਹਫਤਿਆਂ ਲਈ ਰਾਤ ਤੱਕ ਕਈ ਬਿੱਲਾਂ ਉੱਤੇ ਚਰਚਾ ਕਰਨੀ ਹੋਵੇਗੀ।

ਹਾਲੈਂਡ ਨੇ ਆਖਿਆ ਕਿ ਐਮਪੀਜ਼ ਦੇ ਛੁੱਟੀਆਂ ਉੱਤੇ ਜਾਣ ਤੋਂ ਪਹਿਲਾਂ ਲਿਬਰਲ ਸਰਕਾਰ ਚਾਹੁੰਦੀ ਹੈ ਕਿ ਕਈ ਅਹਿਮ ਬਿੱਲਾਂ ਜਿਵੇਂ ਕਿ ਬਜਟ ਲਾਗੂ ਕਰਨ ਸਬੰਧੀ ਬਿੱਲ, ਵਿਦੇਸ਼ ਨੀਤੀ ਉੱਤੇ ਕੇਂਦਰਿਤ ਬਿੱਲ, ਆਨਲਾਈਨ ਨਿਊਜ਼ ਤੇ ਡਿਸਐਬਿਲਿਟੀ ਬੈਨੇਫਿਟ ਬਿੱਲ ਆਦਿ ਉੱਤੇ ਚਰਚਾ ਹੋ ਸਕੇ ਤੇ ਇਨ੍ਹਾਂ ਨੂੰ ਪਾਸ ਕਰਵਾਇਆ ਜਾ ਸਕੇ। ਹਾਲੈਂਡ ਨੇ ਇਹ ਦੋਸ਼ ਵੀ ਲਾਇਆ ਕਿ ਕੰਜ਼ਰਵੇਟਿਵਾਂ ਵੱਲੋਂ ਅੜਿੱਕੇ ਪਾਏ ਜਾਣ ਕਾਰਨ ਵੀ ਇਹ ਫੈਸਲਾ ਕਰਨਾ ਪਿਆ ਹੈ। ਹਾਲੈਂਡ ਨੇ ਇਹ ਵੀ ਆਖਿਆ ਕਿ ਇੱਕ ਇੱਕ ਬਿੱਲ ਉੱਤੇ ਕੰਜ਼ਰਵੇਟਿਵ ਜਾਣਬੁੱਝ ਕੇ ਵਾਧੂ ਸਮਾਂ ਲਾਉਂਦੇ ਹਨ ਤਾਂ ਕਿ ਹਾਊਸ ਦੀ ਕਾਰਵਾਈ ਲਮਕ ਜਾਵੇ।

ਇਸ ਉੱਤੇ ਹਾਲੈਂਡ ਦੇ ਹਮਰੁਤਬਾ ਕੰਜ਼ਰਵੇਟਿਵ ਅਧਿਕਾਰੀ ਐਂਡਰਿਊ ਸ਼ੀਅਰ ਨੇ ਆਖਿਆ ਕਿ ਲਿਬਰਲ ਆਪਣੇ ਵੱਧ ਖਰਚਿਆਂ, ਵੱਧ ਲਾਗਤ, ਮਹਿੰਗਾਈ, ਵੱਧ ਵਿਆਜ਼ ਦਰਾਂ ਤੇ ਵੱਧ ਕ੍ਰਾਈਮ ਵਾਲੇ ਏਜੰਡੇ ਨੂੰ ਤੇਜ਼ੀ ਨਾਲ ਹਾਊਸ ਆਫ ਕਾਮਨਜ਼ ਵਿੱਚੋਂ ਪਾਸ ਕਰਵਾਉਣਾ ਚਾਹੁੰਦੇ ਹਨ। ਇਸ ਲਈ ਅਜਿਹੀਆਂ ਗੜਬੜਾਂ ਜਿਸ ਵੀ ਬਿੱਲ ਵਿੱਚ ਨਜ਼ਰ ਆਉਣਗੀਆਂ ਉਸ ਉੱਤੇ ਤਾਂ ਅਸੀਂ ਟਾਈਮ ਲਾਵਾਂਗੇ ਹੀ। ਅਸੀਂ ਆਪਣਾ ਕੰਮ ਕਰਾਂਗੇ। ਸਾਨੂੰ ਸਰਕਾਰ ਨੂੰ ਜਵਾਬਦੇਹ ਠਹਿਰਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਤੇ ਅਸੀਂ ਉਸ ਨੂੰ ਪੂਰਾ ਕਰਕੇ ਰਹਾਂਗੇ।

# ਰੋਵੇਨਾ ਸੈਂਟੋਸ ਨੂੰ ਚੌਥੀ ਵਾਰੀ ਐਫਸੀਐਮ ਦੇ ਬੋਰਡ ਵਿੱਚ ਕੀਤਾ ਗਿਆ ਸ਼ਾਮਲ



ਬਰੈਂਪਟਨ, 1 ਜੂਨ (ਪੋਸਟ ਬਿਊਰੋ) : ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ (ਐਫਸੀਐਮ) ਵੱਲੋਂ ਬਰੈਂਪਟਨ ਦੀ ਕਾਊਂਸਲਰ ਰੋਵੇਨਾ ਸੈਂਟੋਸ ਨੂੰ ਲਗਾਤਾਰ ਚੌਥੀ ਵਾਰੀ ਬੋਰਡ ਵਿੱਚ ਸ਼ਾਮਲ ਕਰ ਲਿਆ ਗਿਆ ਹੈ। 1901 ਤੋਂ ਹੀ ਐਫਸੀਐਮ ਕੈਨੇਡਾ ਦੀ ਮਿਊਂਸਪਲ ਸਰਕਾਰ ਦੀ ਕੌਮੀ ਪੱਧਰ ਉੱਤੇ ਆਵਾਜ਼ ਰਹੀ ਹੈ। ਇਸ ਦੇ ਮੈਂਬਰਾਂ ਵਿੱਚ ਦੇਸ਼ ਭਰ ਦੀਆਂ 2,000 ਮਿਊਂਸਪੈਲਿਟੀਜ਼ ਤੋਂ ਵੱਧ ਮੈਂਬਰ ਸ਼ਾਮਲ ਹੁੰਦੇ ਹਨ ਤੇ ਇਹ ਸਾਰੇ ਕੈਨੇਡੀਅਨਜ਼ ਦੀ 90 ਫੀ ਸਦੀ ਤੋਂ ਵੀ ਵੱਧ ਨੁਮਾਇੰਦਗੀ ਕਰਦੇ ਹਨ।

ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ਐਨੂਅਲ ਕਾਨਫਰੰਸ ਐਂਡ ਟਰੇਡ ਸ਼ੋਅ 25 ਮਈ ਤੋਂ 28 ਮਈ ਤੱਕ ਟੋਰਾਂਟੋ ਵਿੱਚ ਕਰਵਾਇਆ ਗਿਆ। ਇਸ ਸਾਲ ਦਾ ਥੀਮ ਸੀ ਲੋਕਲ ਐਕਸ਼ਨ, ਨੈਸ਼ਨਲ ਰਿਜ਼ਲਟ। ਕਾਊਂਸਲਰ ਸੈਂਟੋਸ 2020 ਤੋਂ ਐਫਸੀਐਮ ਦੇ ਬੋਰਡ ਵਿੱਚ ਸੇਵਾ ਨਿਭਾਅ ਰਹੀ ਹੈ। ਹਰ ਸਾਲ ਇਹ ਕਾਨਫਰੰਸ ਸਿਟੀ ਆਫ ਬਰੈਂਪਟਨ ਲਈ ਵਿਚਾਰਨ ਵਾਸਤੇ ਕਈ ਅਹਿਮ ਮੁੱਦੇ ਮੁਹੱਈਆ ਕਰਵਾਉਂਦੀ ਹੈ ਤੇ ਇਸ ਦੇ ਨਾਲ ਹੀ ਫੈਡਰਲ ਸਰਕਾਰ ਤੋਂ ਸਹਿਯੋਗ ਤੇ ਫੰਡਿੰਗ ਦੀ ਪੈਰਵੀ ਵੀ ਕਰਦੀ ਹੈ।

2023 ਲਈ ਸਿਟੀ ਦੀਆਂ ਤਰਜੀਹਾਂ ਇਸ ਪ੍ਰਕਾਰ ਹਨ :

- ਬਿਹਤਰ ਟਰਾਂਜ਼ਿਟ ਦੇ ਨਿਰਮਾਣ ਲਈ ਵਚਨਬੱਧਤਾ
- ਬਰੈਂਪਟਨ ਵਾਸੀਆਂ ਲਈ ਹਾਊਸਿੰਗ ਦੇ ਬਦਲ ਮੁਹੱਈਆ ਕਰਵਾਉਣਾ ਤੇ ਖੁਸ਼ਹਾਲ ਕਮਿਊਨਿਟੀਜ਼ ਦੀ ਸਿਰਜਣਾ
- ਸਰਗਰਮ ਟਰਾਂਸਪੋਰਟੇਸ਼ਨ ਇਨਫਰਾਸਟ੍ਰਕਚਰ ਤੇ ਪ੍ਰੋਗਰਾਮਾਂ ਲਈ ਸਥਿਰ ਫੰਡਿੰਗ ਮੁਹੱਈਆ ਕਰਵਾਉਣਾ
- ਕਲਾਈਮੇਟ ਚੇਂਜ ਨੂੰ ਜਜ਼ਬ ਕਰਨ ਤੇ ਲਚੀਲੇਪਨ ਲਈ ਅਗਾਊਂ ਨਿਵੇਸ਼
- ਆਰਥਿਕ ਵਿਕਾਸ ਤੇ ਰਿਕਵਰੀ, ਨੌਕਰੀਆਂ ਤੇ ਵਿਕਾਸ ਲਈ ਨਿਵੇਸ਼

# ਸਾਡੀਆਂ ਨੀਤੀਆਂ ਖਿਲਾਫ ਝੂਠੀਆਂ ਅਫਵਾਹਾਂ ਫੈਲਾਉਣ ਲਈ ਚੀਨ ਨੇ ਨਿਭਾਈ ਸੀ ਅਹਿਮ ਭੂਮਿਕਾ : ਓਟੂਲ



ਓਟਵਾ, 1 ਜੂਨ (ਪੋਸਟ ਬਿਊਰੋ) : ਕੰਜ਼ਰਵੇਟਿਵ ਐਮਪੀ ਐਰਿਨ ਓਟੂਲ ਨੇ ਆਖਿਆ ਕਿ ਕੈਨੇਡਾ ਦੀ ਖੁਫੀਆ ਏਜੰਸੀ ਵੱਲੋਂ ਉਨ੍ਹਾਂ ਨੂੰ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਉਨ੍ਹਾਂ ਦੇ ਪਾਰਟੀ ਲੀਡਰ ਰਹਿੰਦਿਆਂ ਉਨ੍ਹਾਂ ਦੀਆਂ ਨੀਤੀਆਂ ਖਿਲਾਫ ਝੂਠੀਆਂ ਅਫਵਾਹਾਂ ਫੈਲਾਉਣ ਤੇ ਉਨ੍ਹਾਂ ਦੇ ਅਕਸ ਨੂੰ ਢਾਹ ਲਾਉਣ ਲਈ ਚੀਨ ਵੱਲੋਂ ਨਿਸ਼ਾਨਾ ਬਣਾਇਆ ਗਿਆ।

ਮੰਗਲਵਾਰ ਨੂੰ ਪ੍ਰਿਵਲੇਜ ਬਾਰੇ ਹਾਊਸ ਆਫ ਕਾਮਨਜ਼ ਵਿੱਚ ਉੱਠੇ ਸਵਾਲ ਦੌਰਾਨ ਓਟੂਲ ਨੇ ਆਖਿਆ ਕਿ ਕੈਨੇਡੀਅਨ ਸਕਿਊਰਿਟੀ ਇੰਟੈਲੀਜੈਂਸ ਸਰਵਿਸ ਵੱਲੋਂ ਹੀ ਇਹ ਖੁਲਾਸਾ ਕੀਤਾ ਗਿਆ ਹੈ ਕਿ ਉਨ੍ਹਾਂ ਖਿਲਾਫ ਕਾਫੀ ਕੁੱਝ ਆਖਿਆ ਗਿਆ ਤੇ ਕਈ ਅਫਵਾਹਾਂ ਫੈਲਾਈਆਂ ਗਈਆਂ। ਇਹ ਵੀ ਪਤਾ ਲੱਗਿਆ ਕਿ ਚਾਈਨੀਜ਼ ਕਮਿਊਨਿਸਟ ਪਾਰਟੀ ਵੱਲੋਂ ਇਹ ਗਲਤਫਹਿਮੀਆਂ ਤੇ ਅਫਵਾਹਾਂ ਫੈਲਾਉਣ ਲਈ ਬਾਕਾਇਦਾ ਫੰਡ ਦਿੱਤੇ ਗਏ, ਗਰੁੱਪਜ਼ ਦੀ ਵਰਤੋਂ ਕੀਤੀ ਗਈ ਤੇ ਵੁਈਚੈਟ ਸੋਸ਼ਲ ਮੀਡੀਆ ਪਲੇਟਫਾਰਮ ਵਰਤੇ ਗਏ। ਇਹ ਸੱਭ ਹੋਇਆ ਵੀ 2021 ਦੀਆਂ ਜਨਰਲ ਚੋਣਾਂ ਵਿੱਚ ਸੀ।

ਸਾਬਕਾ ਕੰਜ਼ਰਵੇਟਿਵ ਆਗੂ ਨੇ ਆਖਿਆ ਕਿ ਉਨ੍ਹਾਂ ਖਿਲਾਫ ਤੇ ਉਨ੍ਹਾਂ ਦੇ ਕਾਕਸ ਖਿਲਾਫ ਇਨ੍ਹਾਂ ਧਮਕੀਆਂ ਤੇ ਚੁਣੌਤੀਆਂ ਬਾਰੇ ਸਰਕਾਰ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਤੇ ਨਾ ਹੀ ਸਕਿਊਰਿਟੀ ਏਜੰਸੀਜ਼ ਵੱਲੋਂ ਹੀ ਇਨ੍ਹਾਂ ਬਾਰੇ ਉਸ ਸਮੇਂ ਕੁੱਝ ਦੱਸਿਆ ਗਿਆ। ਉਨ੍ਹਾਂ ਆਖਿਆ ਕਿ 2021 ਵਿੱਚ ਅਖੰਡਤਾ ਦੀ ਰਾਖੀ ਲਈ ਬਣਾਈ ਗਈ ਫੈਡਰਲ ਟਾਸਕ ਫੋਰਸ ਰਾਹੀਂ ਵੀ ਇਸ ਸਬੰਧੀ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਉਨ੍ਹਾਂ ਆਖਿਆ ਕਿ ਲਿਬਰਲ ਸਰਕਾਰ ਵੱਲੋਂ ਉਸ ਸਮੇਂ ਇਸ ਪਾਸੇ ਕੋਈ ਕਾਰਵਾਈ ਨਾ ਕੀਤੇ ਜਾਣ ਕਾਰਨ ਐਮਪੀ ਤੇ ਵਿਰੋਧੀ ਧਿਰ ਦੇ ਆਗੂ ਵਜੋਂ ਉਨ੍ਹਾਂ ਦੀ ਪ੍ਰਿਵਲੇਜ ਦੀ ਸਰਾਸਰ ਉਲੰਘਣਾਂ ਹੋਈ।

# ਪੂਲ ਵਿੱਚੋਂ ਬੇਸੁੱਧ ਮਿਲੀ ਮਹਿਲਾ ਨੂੰ ਮ੍ਰਿਤਕ ਐਲਾਨਿਆ ਗਿਆ

ਬਰੈਂਪਟਨ, 1 ਜੂਨ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਘਰ ਦੇ ਬੈਕਯਾਰਡ ਪੂਲ ਵਿੱਚੋਂ ਬੇਸੁੱਧ ਮਿਲੀ ਮਹਿਲਾ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਇਹ ਜਾਣਕਾਰੀ ਪੀਲ ਰੀਜਨਲ ਪੁਲਿਸ ਨੇ ਦਿੱਤੀ।

ਬੁੱਧਵਾਰ ਸ਼ਾਮ ਨੂੰ ਜਾਰੀ ਕੀਤੀ ਗਈ ਅਪਡੇਟ ਵਿੱਚ ਪੁਲਿਸ ਨੇ ਆਖਿਆ ਕਿ ਇੱਕ ਮਹਿਲਾ ਨੂੰ ਬਿਨਾਂ ਸਾਹ ਸਤ ਦੇ ਪੂਲ ਵਿੱਚ ਪਾਇਆ ਗਿਆ। ਉਸ ਨੂੰ ਹੋਸ਼ ਵਿੱਚ ਲਿਆਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਸ ਨੂੰ ਬਚਾਇਆ ਨਹੀਂ ਜਾ ਸਕਿਆ ਤੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੇ ਆਖਿਆ ਕਿ ਮਾਮਲਾ ਸੰਵੇਦਨਸ਼ੀਲ ਹੋਣ ਕਾਰਨ ਉਨ੍ਹਾਂ ਵੱਲੋਂ ਉਦੋਂ ਤੱਕ ਕੋਈ ਹੋਰ ਬਿਆਨ ਜਾਰੀ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਇਸ ਸਬੰਧੀ ਹੋਰ ਜਾਣਕਾਰੀ ਨਹੀਂ ਮਿਲ ਜਾਂਦੀ। ਅਧਿਕਾਰੀਆਂ ਨੂੰ ਬੁੱਧਵਾਰ ਨੂੰ ਦੁਪਹਿਰੇ 3:10 ਦੇ ਨੇੜੇ ਤੇੜੇ ਵਿਲੀਅਮਜ਼ ਪਾਰਕਵੇਅ ਤੇ ਨੌਰਥ ਪਾਰਕ ਡਰਾਈਵ ਉੱਤੇ ਸੱਦਿਆ ਗਿਆ।

# ਬੱਸ ਵਿੱਚ ਪਟਾਕੇ ਚਲਾਉਣ ਵਾਲੀ 14 ਸਾਲਾ ਲੜਕੀ ਗ੍ਰਿਫਤਾਰ





ਸਕਾਰਬਰੋ, 1 ਜੂਨ (ਪੋਸਟ ਬਿਊਰੋ) : ਸਕਾਰਬਰੋ ਵਿੱਚ ਭਰੀ ਹੋਈ ਟੀਟੀਸੀ ਬੱਸ ਵਿੱਚ ਜਾਣਬੁੱਝ ਕੇ ਪਟਾਕੇ ਚਲਾਉਣ ਵਾਲੀ 14 ਸਾਲਾ ਲੜਕੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਉੱਤੇ ਚਾਰਜਿਜ਼ ਵੀ ਲਾਏ ਗਏ ਹਨ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਮਹਿਲਾ ਮਸ਼ਕੂਕ ਮੰਗਲਵਾਰ ਨੂੰ ਟੀਟੀਸੀ ਦੀ ਬੱਸ ਉੱਤੇ ਕਿੰਗਸਟਨ ਰੋਡ ਤੇ ਗਿਲਡਵੁੱਡ ਪਾਰਕਵੇਅ ਏਰੀਆ ਵਿੱਚ ਟਰੈਵਲ ਕਰ ਰਹੀ ਸੀ। ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਜਦੋਂ ਬੱਸ ਪੂਰੀ ਤਰ੍ਹਾਂ ਭਰੀ ਹੋਈ ਸੀ ਉਸ ਸਮੇਂ ਇਸ ਲੜਕੀ ਨੇ ਪਟਾਕੇ ਚਲਾਏ। ਇਸ ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ। 14 ਸਾਲਾ ਇਸ ਲੜਕੀ ਨੂੰ ਬੁੱਧਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਉੱਤੇ ਲੋਕਾਂ ਦੀ ਜਾਨ ਖਤਰੇ ਵਿੱਚ ਪਾਉਣ ਲਈ ਸ਼ਰਾਰਤ ਕਰਨ ਸਬੰਧੀ ਚਾਰਜ ਲਾਏ ਗਏ ਹਨ। ਉਸ ਨੂੰ 14 ਜੁਲਾਈ, 2023 ਨੂੰ ਅਦਾਲਤ ਸਾਹ-ਮਣੇ ਪੇਸ਼ ਕੀਤਾ ਜਾਵੇਗਾ।

ਪ੍ਰੋਵਿੰਸ ਦੇ ਯੂਥ ਕ੍ਰਿਮੀਨਲ ਜਸਟਿਸ ਐਕਟ ਕਾਰਨ ਇਸ ਲੜਕੀ ਦੀ ਪਛਾਣ ਜ਼ਾਹਰ ਨਹੀਂ ਕੀਤੀ ਗਈ ਹੈ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ ਉੱਤੇ ਕਾਫੀ ਵਾਇਰਲ ਹੋਇਆ ਤੇ ਜਿਸ ਤੋਂ ਬਾਅਦ ਟੀਟੀਸੀ ਵੱਲੋਂ ਇਸ ਦੀ ਜਾਂਚ ਸ਼ੁਰੂ ਕੀਤੀ ਗਈ।

# ਗੋਰ ਸੀਨੀਅਰਜ਼ ਕਲੱਬ ਕਰਵਾਏਗਾ ਕਾਰਡ ਟੂਰਨਾਮੈਂਟ

ਗੋਰ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ ਪਿਛਲੇ ਕਈ ਸਾਲਾਂ ਤੋਂ ਸਵੀਪ ਕਾਰਡ ਮੁਕਾਬਲੇ ਕਰਵਾਏ ਜਾਂਦੇ ਹਨ। ਇਸੇ ਤਰ੍ਹਾਂ ਇਸੇ ਸਾਲ ਵੀ ਸਵੀਪ ਮੁਕਾਬਲੇ 18 ਜੂਨ ਨੂੰ ਰਿਵਰਸਟੋਨ ਕਮਿਉਨਿਟੀ ਸੈਂਟਰ (195 ਡੌਨ ਮਿਨੇਕਰ ਡਰਾਈਵ) ਉਤੇ ਹਾਲ ਨੰਬਰ ਇਕ ਵਿਚ ਕਰਵਾਏ ਜਾ ਰਹੇ ਹਨ। ਇਸ ਵਿਚ ਸਵੀਪ ਅਤੇ ਦੋ ਸਰੀ ਦੋਵਾਂ ਦੇ ਮੁਕਾਬਲੇ ਹੋਣਗੇ। ਇਹ ਮੁਕਾਬਲੇ ਦੁਪਹਿਰ 12 ਵਜੇ ਤੋਂ ਸ਼ੁਰੂ ਹੋਣਗੇ। ਐਂਟਰੀ ਫੀਸ ਹਰੇਕ ਟੀਮ ਲਈ 10 ਡਾਲਰ ਹੋਵੇਗੀ। ਟੀਮਾਂ ਆਪਣੀ ਰਜਿਸਟਰੇਸ਼ਨ 11:30 ਵਜੇ ਤੋਂ 12:00 ਵਜੇ ਤੱਕ ਕਰਵਾ ਸਕਦੀਆਂ ਹਨ। ਉਸ ਤੋਂ ਬਾਅਦ ਟਾਈਆਂ ਪਾ ਕੇ ਮੁਕਾਬਲੇ ਸ਼ੁਰੂ ਹੋਣਗੇ। ਜੇਤੂ ਟੀਮਾਂ ਨੂੰ ਨਕਦ ਇਨਾਮ ਅਤੇ ਕੱਪ ਵੀ ਦਿੱਤੇ ਜਾਣਗੇ। ਖਾਣ ਅਤੇ ਚਾਹ ਪਾਣੀ ਦਾ ਪ੍ਰਬੰਧ ਹੋਵੇਗਾ। ਵਧੇਰੇ ਜਾਣਕਾਰੀ ਲਈ ਮਨਜੀਤ ਸਿੰਘ ਢੇਸੀ ਨਾਲ 6479901648, ਨਛੱਤਰ ਸਿੰਘ ਧਾਲੀਵਾਲ ਨਾਲ 6472782145, ਅਮਰੀਕ ਸਿੰਘ ਕੁਮਰੀਆਂ ਨਾਲ 6479987253 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਸ਼ਿਆਂ ਬਾਰੇ ਲਿਬਰਲਾਂ ਦੀ ਪਹੁੰਚ ਖਿਲਾਫ ਪੌਲੀਏਵਰ ਵੱਲੋਂ ਲਿਆਂਦਾ ਮਤਾ ਹੋਇਆ ਫੇਲ੍ਹ



ਓਟਵਾ, 1 ਜੂਨ (ਪੋਸਟ ਬਿਊਰੋ) : ਨਸ਼ਿਆਂ ਦੀ ਲਤ ਨਾਲ ਲੜਨ ਲਈ ਲਿਬਰਲ ਸਰਕਾਰ ਵੱਲੋਂ ਅਪਣਾਈ ਪਹੁੰਚ ਦੀ ਨਿਖੇਧੀ ਕਰਨ ਲਈ ਹਾਊਸ ਆਫ ਕਾਮਨਜ਼ ਵਿੱਚ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਵੱਲੋਂ ਲਿਆਂਦਾ ਮਤਾ ਪਾਸ ਨਹੀਂ ਹੋ ਸਕਿਆ।

ਪੌਲੀਏਵਰ ਵੱਲੋਂ ਲਿਆਂਦੇ ਇਸ ਮਤੇ ਦੇ ਪੱਖ ਵਿੱਚ 113 ਜਦਕਿ ਵਿਰੋਧ ਵਿੱਚ 209 ਵੋਟਾਂ ਪਈਆਂ। ਇਸ ਮਤੇ ਵਿੱਚ ਮੁੱਖ ਤੌਰ ਉੱਤੇ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਲਈ ਫੈਡਰਲ ਸਰਕਾਰ ਵੱਲੋਂ ਜਿਹੜੀਆਂ ਨੁਕਸਾਨ ਘਟਾਉਣ ਵਾਲੀਆਂ ਨੀਤੀਆਂ ਲਿਆਂਦੀ ਗਈਆਂ ਹਨ, ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਪਰ ਇਸ ਵਿੱਚ ਬਹੁਤਾ ਜ਼ੋਰ ਨਸ਼ਿਆਂ ਦੇ ਸੰਕਟ ਨਾਲ ਸਿੱਝਣ ਲਈ ਗੈਰਕਾਨੂੰਨੀ ਨਸ਼ਿਆਂ ਦੇ ਬਦਲ ਵਜੋਂ ਫਾਰਮਾਸਿਊਟੀਕਲ ਸਪਲਾਈ ਨੂੰ ਫੰਡ ਕਰਨ ਦੇ ਇਸ ਦੇ ਫੈਸਲੇ ਉੱਤੇ ਵੀ ਦਿੱਤਾ ਗਿਆ।

ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨੂੰ ਅਕਸਰ ਸੇਫ ਸਪਲਾਈ ਜਾਂ ਸੇਫਰ ਸਪਲਾਈ ਵਜੋਂ ਜਾਣਿਆ ਜਾਂਦਾ ਹੈ, ਹਾਲਾਂਕਿ ਫੈਡਰਲ ਕੰਜ਼ਰਵੇਟਿਵ ਤੇ ਹੋਰ ਆਲੋਚਕਾਂ ਦਰਮਿਆਨ ਇਸ ਗੱਲ ਨੂੰ ਲੈ ਕੇ ਵੀ ਆਮ ਰਾਇ ਨਹੀਂ ਹੈ ਕਿ ਇਨ੍ਹਾਂ ਵਿੱਚੋਂ ਕਿਹੜੀ ਟਰਮ ਵਧੇਰੇ ਢੁਕਵੀਂ ਹੈ। ਅਜਿਹਾ ਨਸ਼ਿਆਂ ਦੀ ਵਰਤੋਂ ਨਾਲ ਜੁੜੇ ਖਤਰਿਆਂ ਕਾਰਨ ਹੈ। ਫੈਡਰਲ ਸਰਕਾਰ ਵੱਲੋਂ ਉਨ੍ਹਾਂ ਮਾਹਿਰਾਂ ਉੱਤੇ ਵੀ ਉਂਗਲ ਕੀਤੀ ਗਈ ਹੈ ਜਿਹੜੇ ਇਹ ਆਖਦੇ ਹਨ ਕਿ ਜ਼ਹਿਰੀਲੀ ਡਰੱਗ ਸਪਲਾਈ ਹੀ ਇਸ ਦਾ ਮੁੱਖ ਕਾਰਨ ਹੈ ਜਿਹੜਾ ਗੈਰਰਵਾਇਤੀ ਢੰਗ ਨਾਲ ਨਸ਼ਿਆਂ ਦੀ ਵੱਧ ਡੋਜ਼ ਕਾਰਨ ਕਈ ਕੈਨੇਡੀਅਨ ਮਰ ਰਹੇ ਹਨ। ਇਨ੍ਹਾਂ ਮਾਹਿਰਾਂ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਇਸ ਦੇ ਨਾਲ ਹੀ ਹੋਰਨਾਂ ਦਵਾਈਆਂ ਤੱਕ ਪਹੁੰਚ ਯਕੀਨੀ ਬਣਾਉਣ ਨਾਲ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ।

ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ 2016 ਤੇ 2022 ਦਰਮਿਆਨ ਇਨ੍ਹਾਂ ਜ਼ਹਿਰੀਲੇ ਨਸ਼ਿਆਂ ਕਾਰਨ ਲੱਗਭਗ 35000 ਲੋਕ ਮਾਰੇ ਗਏ। ਪਿਛਲੇ ਸਾਲ ਦੇ ਅੰਤ ਵਿੱਚ ਕੰਜ਼ਰਵੇਟਿਵ ਆਗੂ ਦਾ ਅਹੁਦਾ ਸਾਂਭਣ ਮਗਰੋਂ ਪੌਲੀਏਵਰ ਕਈ ਵਾਰੀ ਇਹ ਮੁੱਦਾ ਉਠਾ ਚੁੱਕੇ ਹਨ ਕਿ ਨਸ਼ਿਆਂ ਦੀ ਓਵਰਡੋਜ਼ ਕਾਰਨ ਮਰਨ ਵਾਲਿਆਂ ਦੀ ਗਿਣਤੀ ਇਸ ਦਾ ਸਬੂਤ ਹੈ ਕਿ ਇਹ ਪਹੁੰਚ ਕਿੰਨੀ ਗਲਤ ਹੈ। ਉਨ੍ਹਾਂ ਵੱਲੋਂ ਨਸ਼ਿਆਂ ਦੇ ਬਦਲ ਦੀ ਸਪਲਾਈ ਦੀ ਪੇਸ਼ਕਸ਼ ਨੂੰ ਗਲਤ ਦੱਸਕੇ ਇਸ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ। ਉਨ੍ਹਾਂ ਵੱਲੋਂ ਆਪਣੇ ਮਤੇ ਵਿੱਚ ਵੀ ਇਸ ਨੂੰ ਟੈਕਸਾਂ ਨਾਲ ਫੰਡ ਪ੍ਰਾਪਤ ਡਰੱਗ ਸਪਲਾਈ ਦਾ ਦਰਜਾ ਦਿੱਤਾ ਗਿਆ।

# ਮਿਸੀਸਾਗਾ, ਬਰੈਂਪਟਨ ਤੇ ਕੈਲਡਨ ਨੂੰ ਵੱਖ ਕਰਨ ਸਬੰਧੀ ਬਿੱਲ ਨੂੰ ਤੇਜ਼ੀ ਨਾਲ ਪਾਸ ਕਰਵਾਉਣ ਦੀ ਤਿਆਰੀ ਕਰ ਰਹੀ ਹੈ ਫੋਰਡ ਸਰਕਾਰ



ਓਨਟਾਰੀਓ, 1 ਜੂਨ (ਪੋਸਟ ਬਿਊਰੋ) : ਬੀਤੇ ਦਿਨੀਂ ਡੱਗ ਫੋਰਡ ਸਰਕਾਰ ਵੱਲੋਂ ਪੀਲ ਰੀਜਨ ਨੂੰ ਭੰਗ ਕਰਕੇ ਤਿੰਨ ਆਜ਼ਾਦ ਸਿਟੀਜ਼ ਬਣਾਏ ਜਾਣ ਸਬੰਧੀ ਬਿੱਲ ਨੂੰ ਤੇਜ਼ੀ ਨਾਲ ਪਾਸ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਇਸ ਸਬੰਧੀ ਮਤਾ ਮੰਗਲਵਾਰ ਨੂੰ ਲਿਆਂਦੇ ਜਾਣ ਦੀ ਸੰਭਾਵਨਾ ਹੈ। ਇਸ ਨਾਲ ਪ੍ਰੋਗਰੈਸਿਵ ਕੰਜ਼ਰਵੇਟਿਵਜ਼ ਨੂੰ ਕਮੇਟੀ ਕੋਲ ਬਿੱਲ ਨੂੰ ਭੇਜਣ ਦੀ ਥਾਂ ਸਿੱਧਾ ਤੀਜੀ ਰੀਡਿੰਗ ਲਈ ਭੇਜਣ ਦੀ ਖੁੱਲ੍ਹ ਮਿਲੇਗੀ। ਆਮ ਤੌਰ ਉੱਤੇ ਕਮੇਟੀ ਦੀ ਭੂਮਿਕਾ ਬਿੱਲ ਦਾ ਲਾਈਨ ਦਰ ਲਾਈਨ ਮੁਲਾਂਕਣ ਕਰਨ ਦੀ ਹੁੰਦੀ ਹੈ ਤੇ ਫਿਰ ਕਮੇਟੀ ਜਾਂ ਤਾਂ ਬਿੱਲ ਨੂੰ ਮਨਜ਼ੂਰ ਕਰ ਦਿੰਦੀ ਹੈ ਜਾਂ ਉਸ ਦੀ ਭਾਸ਼ਾ ਵਿੱਚ ਸੁਧਾਰ ਕਰਦੀ ਹੈ। ਇਸ ਨਾਲ ਸਟੇਕਹੋਲਡਰਜ਼ ਤੇ ਕਮਿਊਨਿਟੀ ਮੈਂਬਰਾਂ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਵੀ ਮਿਲਦਾ ਹੈ।

ਜ਼ਿਕਰਯੋਗ ਹੈ ਕਿ ਦੋ ਹਫਤੇ ਪਹਿਲਾਂ ਹੀ ਮਿਊਂਸਪਲ ਅਫੇਅਰਜ਼ ਐਂਡ ਹਾਊਸਿੰਗ ਮੰਤਰੀ ਸਟੀਵ ਕਲਾਰਕ ਨੇ ਮਿਸੀਸਾਗਾ, ਬਰੈਂਪਟਨ ਤੇ ਕੈਲਡਨ ਨੂੰ 2025 ਤੱਕ ਆਜ਼ਾਦ ਸਿਟੀਜ਼ ਬਣਾਉਣ ਲਈ ਹੇਜ਼ਲ ਮੈਕੈਲੀਅਨ ਐਕਟ ਪੇਸ਼ ਕੀਤਾ। ਇਸ ਬਿੱਲ ਦੇ ਹਿੱਸੇ ਵਜੋਂ ਸਰਕਾਰ ਪੰਜ ਮੈਂਬਰਾਂ ਤੱਕ ਦਾ ਇੱਕ ਟਰਾਂਜ਼ਿਸ਼ਨ ਬੋਰਡ ਕਾਇਮ ਕਰੇਗੀ ਜਿਹੜਾ ਇਸ ਪ੍ਰਕਿਰਿਆ ਨੂੰ ਜਾਇਜ਼ ਤੇ ਸੰਤੁਲਿਤ ਬਣਾਵੇਗਾ। ਇਸ ਬੋਰਡ ਦੀਆਂ ਸਿਫਾਰਸ਼ਾਂ 2024 ਦੀਆਂ ਗਰਮੀਆਂ ਜਾਂ 2024 ਦੇ ਅੰਤ ਤੱਕ ਆਉਣ ਦੀ ਸੰਭਾਵਨਾ ਹੈ।

ਓਨਟਾਰੀਓ ਦੀ ਨਿਊ ਡੈਮੋਕ੍ਰੈਟਿਕ ਪਾਰਟੀ ਦਾ ਕਹਿਣਾ ਹੈ ਕਿ ਬਿਨਾ ਸਲਾਹ ਮਸ਼ਵਰੇ ਦੇ ਬਿੱਲ ਨੂੰ ਇਸ ਤਰ੍ਹਾਂ ਅਗਲੇ ਪੜਾਅ ਤੱਕ ਲਿਜਾਣਾ ਕਈ ਤਰ੍ਹਾਂ ਦੀਆਂ ਚਿੰਤਾਵਾਂ ਖੜ੍ਹੀਆਂ ਕਰਦਾ ਹੈ। ਇੱਕ ਬਿਆਨ ਵਿੱਚ ਮਿਊਂਸਪਲ ਅਫੇਅਰਜ਼ ਬਾਰੇ ਐਨਡੀਪੀ ਕ੍ਰਿਟਿਕ ਜੈੱਫ ਬਰਚ ਨੇ ਆਖਿਆ ਕਿ ਇਸ ਦੌਰਾਨ ਪੀਲ ਰੀਜਨ ਦੇ ਵਾਸੀਆਂ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ। ਉਨ੍ਹਾਂ ਮਿਊਂਸਪਲ ਵਰਕਰਜ਼ ਦੀ ਗੱਲ ਨਹੀਂ ਸੁਣੀ ਗਈ ਜਿਨ੍ਹਾਂ ਦੀਆਂ ਨੌਕਰੀਆਂ ਦਾਅ ਉੱਤੇ ਲੱਗੀਆਂ ਹੋ ਸਕਦੀਆਂ ਹਨ। ਟਰਾਂਜ਼ਿਸ਼ਨ ਬੋਰਡ ਵਿੱਚ ਹਰ ਮਿਊਂਸਪੈਲਿਟੀ ਨੂੰ ਸਹੀ ਨੁਮਾਇੰਦਗੀ ਮਿਲੀ ਹੋਵੇ ਇਹ ਵੀ ਯਕੀਨੀ ਨਹੀਂ ਬਣਾਇਆ ਗਿਆ। ਫੈਸਲੇ ਕਿਸ ਤਰ੍ਹਾਂ ਲਏ ਗਏ ਜਾਂ ਜਾਣਗੇ ਇਸ ਬਾਰੇ ਵੀ ਪਾਰਦਰਸ਼ਤਾ ਤੋਂ ਕੰਮ ਨਹੀਂ ਲਿਆ ਜਾ ਰਿਹਾ ਤੇ ਨਾ ਹੀ ਕਿਸੇ ਦੀ ਜਵਾਬਦੇਹੀ ਤੈਅ ਕੀਤੀ ਗਈ ਹੈ।

## ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ, ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਐਜੈਕਸ, 1 ਜੂਨ (ਪੋਸਟ ਬਿਊਰੋ) : ਐਤਵਾਰ ਨੂੰ ਐਜੈਕਸ ਵਿੱਚ ਇੱਕ ਵਿਅਕਤੀ ਉੱਤੇ ਚਾਕੂ ਨਾਲ ਕੀਤੇ ਗਏ ਕਈ ਵਾਰਾਂ ਦੇ ਮਾਮਲੇ ਵਿੱਚ ਪੁਲਿਸ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਇਹ ਘਟਨਾ ਐਤਵਾਰ ਨੂੰ ਸਵੇਰੇ 3:10 ਉੱਤੇ ਵੈਸਟਨੀ ਰੋਡ ਦੇ ਪੂਰਬ ਵੱਲ ਤੇ ਰੌਸਲੈਂਡ ਰੋਡ ਵੈਸਟ ਦੇ ਦੱਖਣ ਵੱਲ ਰੇਨ ਤੇ ਸੁਲੀਵਾਨ ਡਰਾਈਵਜ਼ ਨੇੜੇ ਵਾਪਰੀ। ਦਰਹਾਮ ਰੀਜਨਲ ਪੁਲਿਸ ਅਨੁਸਾਰ ਛੁਰੇਬਾਜ਼ੀ ਕਾਰਨ ਜ਼ਖ਼ਮੀ 26 ਸਾਲਾ ਵਿਅਕਤੀ ਸਾਈਡਵਾਕ ਉੱਤੇ ਪਿਆ ਮਿ-ਲਆ। ਇਸ ਸਬੰਧੀ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਵਿੱਚ ਦੱਸਿਆ ਗਿਆ ਕਿ ਜ਼ਖ਼ਮੀ ਵਿਅਕਤੀ ਨੂੰ ਫਰਸਟ ਏਡ ਦੇਣ ਤੋਂ ਬਾਅਦ ਟੋਰਾਂਟੋ ਏਰੀਆ ਦੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਨਾਜ਼ੁਕ ਪਰ ਸਥਿਰ ਬਣੀ ਹੋਈ ਸੀ।

ਅਜੇ ਤੱਕ ਕਿਸੇ ਵੀ ਮਸ਼ਕੂਕ ਸਬੰਧੀ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

# ਓਲੀਵੀਆ ਚਾਓ ਦੀ ਲੀਡ ਬਰਕਰਾਰ



ਟੋਰਾਂਟੋ, 1 ਜੂਨ (ਪੋਸਟ ਬਿਊਰੋ) : ਟੋਰਾਂਟੋ ਦੇ ਮੇਅਰ ਦੇ ਅਹੁਦੇ ਲਈ ਵੋਟਾਂ ਪੈਣ ਵਿੱਚ ਹੁਣ ਇੱਕ ਮਹੀਨੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ ਪਰ ਉਮੀਦਵਾਰ ਓਲੀਵੀਆ ਚਾਓ ਦੀ ਲੀਡ ਅਜੇ ਵੀ ਬਰਕਰਾਰ ਹੈ। ਇਹ ਖੁਲਾਸਾ ਸੋਮਵਾਰ ਨੂੰ ਜਾਰੀ ਕੀਤੇ ਗਏ ਦੋ ਨਵੇਂ ਚੋਣ ਸਰਵੇਖਣਾਂ ਤੋਂ ਹੋਇਆ।

ਲਾਇਜ਼ਨ ਸਟਰੈਟੇਜੀਜ਼ ਵੱਲੋਂ ਸ਼ੁੱਕਰਵਾਰ ਤੇ ਸ਼ਨਿੱਚਰਵਾਰ ਨੂੰ ਕਰਵਾਏ ਗਏ ਤੈਅਸ਼ੁਦਾ ਵੋਟਰਾਂ ਦੇ ਸਰਵੇਖਣ ਤੋਂ ਸਾਹਮਣੇ ਆਇਆ ਕਿ 30 ਫੀ ਸਦੀ ਚਾਓ ਨੂੰ ਹੀ ਮੇਅਰ ਦਾ ਹੱਕਦਾਰ ਮੰਨਦੇ ਹਨ। ਇੱਕ ਨਿਊਜ਼ ਰਲੀਜ਼ ਵਿੱਚ ਲਾਇਜ਼ਨ ਸਟਰੈਟੇਜੀਜ਼ ਦੇ ਪ੍ਰਿੰਸੀਪਲ ਡੇਵਿਡ ਵੈਲੈਂਟਿਨ ਨੇ ਆਖਿਆ ਕਿ ਓਲੀਵੀਆ ਚਾਓ ਦੇ ਸਮਰਥਨ ਵਿੱਚ ਹੀ ਇਸ ਹਫਤੇ ਵਾਧਾ ਨਹੀਂ ਹੋਇਆ ਸਗੋਂ ਉਨ੍ਹਾਂ ਦੀ ਲੀਡ ਵੀ ਵਧੀ ਹੈ।

ਉਨ੍ਹਾਂ ਤੋਂ ਬਾਅਦ ਦੂਜੇ ਸਥਾਨ ਉੱਤੇ 14 ਫੀ ਸਦੀ ਸਮਰਥਨ ਨਾਲ ਮਾਰਕ ਸਾਂਡਰਸ ਤੇ ਮਿਤਜ਼ੀ ਹੰਟਰ ਚੱਲ ਰਹੇ ਹਨ। ਪਿਛਲੇ ਹਫਤੇ ਕਰਵਾਏ ਗਏ ਸਰਵੇਖਣ ਨਾਲੋਂ ਇਸ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਸਾਂਡਰਸ ਦੇ ਸਮਰਥਨ ਵਿੱਚ ਤਿੰਨ ਫੀ ਸਦੀ ਅੰਕਾਂ ਦੀ ਕਮੀ ਦਰਜ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਹੋਰਨਾਂ ਉਮੀਦਵਾਰਾਂ ਨੂੰ ਐਨੇ ਘੱਟ ਸਮੇਂ ਵਿੱਚ ਚਾਓ ਦੇ ਬਰਾਬਰ ਪਹੁੰਚਣ ਲਈ ਕਾਫੀ ਜ਼ੋਰ ਲਾਉਣਾ ਹੋਵੇਗਾ।

11 ਫੀ ਸਦੀ ਸਮਰਥਨ ਨਾਲ ਜੋਸ਼ ਮੈਟਲੋਅ ਚੌਥੇ ਸਥਾਨ ਉੱਤੇ ਹਨ ਤੇ ਉਨ੍ਹਾਂ ਤੋਂ ਪਿੱਛੇ ਐਨਾ ਬਾਇਲਾਓ ਤੇ ਬ੍ਰੈਡ ਬ੍ਰੈਡਫੋਰਡ ਚੱਲ ਰਹੇ ਹਨ। ਇਸ ਦੌਰਾਨ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 27 ਫੀ ਸਦੀ ਲੋਕਾਂ ਨੇ ਆਖਿਆ ਕਿ ਉਹ ਅਜੇ ਇਹ ਤੈਅ ਨਹੀਂ ਕਰ ਪਾ ਰਹੇ ਕਿ ਉਨ੍ਹਾਂ ਕਿਸ ਦਾ ਸਮਰਥਨ ਕਰਨਾ ਹੈ।

## ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮਾਮਲੇ ਵਿੱਚ ਨਿਯੁਕਤ ਸਪੈਸ਼ਲ ਰੈਪੋਰਟਰ ਨੂੰ ਪਾਸੇ ਕਰਨ ਦੀ ਜਗਮੀਤ ਸਿੰਘ ਨੇ ਕੀਤੀ ਮੰਗ



ਓਟਵਾ, 1 ਜੂਨ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮਾਮਲੇ ਵਿੱਚ ਨਿਯੁਕਤ ਕੀਤੇ ਗਏ ਸਪੈਸ਼ਲ ਰੈਪੋਰਟਰ ਡੇਵਿਡ ਜੌਹਨਸਟਨ ਪਾਸੇ ਹੋ ਜਾਣ।

ਸੋਮਵਾਰ ਨੂੰ ਹਾਊਸ ਆਫ ਕਾਮਨਜ਼ ਤੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਕਿ ਉਹ ਜੌਹਨਸਟਨ ਉੱਤੇ ਨਿਜੀ ਹਮਲਾ ਨਹੀਂ ਕਰਨਾ ਚਾਹੁੰਦੇ ਪਰ ਜ਼ਾਹਰਾ ਤੌਰ ਉੱਤੇ ਨਜ਼ਰ ਆ ਰਹੇ ਪੱਖਪਾਤ ਕਾਰਨ ਸਪੈਸ਼ਲ ਰੈਪੋਰਟਰ ਦੇ ਸਾਰੇ ਕੰਮ ਉੱਤੇ ਪਾਣੀ ਫਿਰ ਜਾਵੇਗਾ। ਉਨ੍ਹਾਂ ਆਖਿਆ ਕਿ ਮੰਗਲਵਾਰ ਨੂੰ ਐਨਡੀਪੀ ਇਹ ਮਤਾ ਲੈ ਕੇ ਆਵੇਗੀ ਕਿ ਜੌਹਨਸਟਨ ਨੂੰ ਆਪਣੀ ਭੂਮਿਕਾ ਨਿਭਾਉਣੀ ਬੰਦ ਕਰ ਦੇਣੀ ਚਾਹੀਦੀ ਹੈ ਜਾਂ ਫੈਡਰਲ ਸਰਕਾਰ ਜਨਤਕ ਜਾਂਚ ਕਰਾਵੇਗੀ।

ਐਨਡੀਪੀ ਵੱਲੋਂ ਇਹ ਮਤਾ ਐਮਪੀ ਰੇਚਲ ਬਲੇਨੀ ਪੇਸ਼ ਕਰੇਗੀ। ਇਸ ਵਿੱਚ ਜੌਹਨਸਟਨ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਦੇ ਨਾਲ ਨਾਲ ਤੁਰੰਤ ਇਸ ਮਾਮਲੇ ਦੀ ਜਾਂਚ ਸ਼ੁਰੂ ਕਰਵਾਉਣ ਲਈ ਦਬਾਅ ਪਾਇਆ ਜਾਵੇਗਾ। ਇਹ ਵੀ ਮੰਗ ਕੀਤੀ ਜਾਵੇਗੀ ਕਿ ਇਹ ਜਾਂਚ :

- ਅਜਿਹੇ ਸ਼ਖ਼ਸ ਦੀ ਅਗਵਾਈ ਵਿੱਚ ਹੋਵੇ ਜਿਸ ਦੀ ਚੋਣ ਹਾਊਸ ਵਿੱਚ ਮੌਜੂਦ ਸਾਰੀਆਂ ਪਾਰਟੀਆਂ ਦੀ ਸਰਬਸੰਮਤੀ ਨਾਲ ਕੀਤੀ ਜਾਵੇ
- ਉਸ ਨੂੰ ਅਜਿਹੀਆਂ ਸ਼ਕਤੀਆਂ ਦਿੱਤੀਆਂ ਜਾਣ ਜਿਸ ਨਾਲ ਸਿਰਫ ਚੀਨ ਤੋਂ ਹੀ ਨਹੀਂ ਸਗੋਂ ਹੋਰਨਾਂ ਦੇਸ਼ਾਂ ਤੋਂ ਚੋਣਾਂ ਵਿੱਚ ਕੀਤੀ ਦਖ਼ਲਅੰਦਾਜ਼ੀ ਦਾ ਮੁਲਾਂਕਣ ਵੀ ਕੀਤਾ ਜਾ ਸਕੇ
- ਉਸ ਸ਼ਖਸ ਨੂੰ ਆਪਣੀ ਰਿਪੋਰਟ ਤੇ ਸਿਫਾਰਸ਼ਾਂ ਪਾਰਲੀਆਮੈਂਟ ਭੰਗ ਹੋਣ ਤੋਂ ਪਹਿਲਾਂ ਜਾਂ ਅਗਲੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਪੇਸ਼ ਕਰਨ ਲਈ ਆਖਿਆ ਜਾਵੇ

ਜੇ ਇਹ ਮਤਾ ਪਾਸ ਹੋ ਜਾਂਦਾ ਹੈ ਤਾਂ ਇਸ ਤਹਿਤ ਪ੍ਰੋਸੀਜ਼ਰ ਐਂਡ ਹਾਊਸ ਅਫੇਅਰਜ਼ ਕਮੇਟੀ (ਪੀਆਰਓਸੀ), ਜਿਸ ਨੇ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਬਾਰੇ ਪਾਰਲੀਆਮੈਂਟਰੀ ਅਧਿਐਨ ਦੀ ਅਗਵਾਈ ਕੀਤੀ, ਨੂੰ ਇਹ ਸਿਫਾਰਸ਼ ਕਰਨ ਲਈ ਆਖਿਆ ਜਾਵੇ ਕਿ ਇਸ ਜਾਂਚ ਕੀ ਅਗਵਾਈ ਕੌਣ ਕਰੇਗਾ ਤੇ ਇਸ ਲਈ ਕੀ ਸ਼ਰਤਾਂ ਤੈਅ ਕੀਤੀਆਂ ਜਾਣਗੀਆਂ।

## ਸਟੀਵਾਰਡ ਸਟਰੀਟਸ ਨੇੜੇ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ

ਟੋਰਾਂਟੋ, 1 ਜੂਨ (ਪੋਸਟ ਬਿਊਰੋ): ਡਾਊਨਟਾਊਨ ਟੋਰਾਂਟੋ ਵਿੱਚ ਸਵੇਰੇ ਤੜ੍ਹਕਸਾਰ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਇਹ ਘਟਨਾ ਕਿੰਗ ਸਟਰੀਟ ਵੈਸਟ ਦੇ ਦੱਖਣ ਤੇ ਬਾਥਰਸਟ ਸਟਰੀਟ ਦੇ ਪੂਰਬ ਵਿੱਚ ਪੋਰਟਲੈਂਡ ਤੇ ਸਟੀਵਾਰਡ ਸਟਰੀਟਸ ਨੇੜੇ ਫੈਸ਼ਨ ਡਿਸਟ੍ਰਿਕਟ ਵਿੱਚ ਵਾਪਰੀ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ 1:15 ਉੱਤੇ ਘਟਨਾ ਵਾਲੀ ਥਾਂ ਉੱਤੇ ਸੱਦਿਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਉਹ ਨਾਜ਼ੁਕ ਹਾਲਤ ਵਿੱਚ ਉਸ ਵਿਅਕਤੀ ਨੂੰ ਟਰੌਮਾ ਸੈਂਟਰ ਲੈ ਕੇ ਗਏ। ਪਰ ਹੁਣ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਜ਼ਖ਼ਮੀ ਵਿਅਕਤੀ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ ਤੇ ਉਸ ਨੂੰ ਗੰਭੀਰ ਜ਼ਖ਼ਮ ਵੀ ਨਹੀਂ ਸਨ ਹੋਏ। ਅਜੇ ਤੱਕ ਇਸ ਮਾਮਲੇ ਵਿੱਚ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਉਹ ਬਲੈਕ ਵਿਅਕਤੀ ਦੀ ਭਾਲ ਕਰ ਰਹੀ ਹੈ ਜਿਸ ਨੂੰ ਆਖਰੀ ਵਾਰੀ ਕਾਲੇ ਰੰਗ ਦੀ ਸ਼ਰਟ, ਨੀਲੀ ਜੀਨਜ਼, ਚਿੱਟੇ ਜੁੱਤਿਆਂ ਤੇ ਸੋਨੇ ਦੀ ਚੇਨ ਗਲ ਵਿੱਚ ਪਾਇਆਂ ਵੇਖਿਆ ਗਿਆ ਸੀ।


## ਚੀਨ ਨੇ ਚੰਦਰਮਾ 'ਤੇ ਪੁਲਾੜ ਯਾਤਰੀ ਭੇਜਣ ਦਾ ਐਲਾਨ ਕੀਤਾ



ਬੀਜਿੰਗ, 1 ਜੂਨ (ਪੋਸਟ ਬਿਊਰੋ): ਬੀਤੇ ਦਿਨੀਂ ਚੀਨ ਨੇ ਸੋਮਵਾਰ ਨੂੰ ਪੁਲਾੜ ਖੇਤਰ 'ਚ ਵੱਡਾ ਦਾਅਵਾ ਕੀਤਾ ਹੈ। ਚੀਨ ਨੇ ਕਿਹਾ ਹੈ ਕਿ ਉਹ 2030 ਤੱਕ ਚੰਦਰਮਾ 'ਤੇ ਆਪਣੇ ਪੁਲਾੜ ਯਾਤਰੀਆਂ ਨੂੰ ਭੇਜਣ ਦੀ ਤਿਆਰੀ ਕਰ ਰਿਹਾ ਹੈ। ਪੱਛਮੀ ਦੇਸ਼ਾਂ ਨਾਲ ਪੁਲਾੜ ਦੀ ਲੜਾਈ 'ਚ ਚੀਨ ਦਾ ਦਾਅਵਾ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਪਰਮਾਣੂ ਅਤੇ ਸੈਨਿਕਾਂ ਤੋਂ ਬਾਅਦ ਚੀਨ ਨੇ ਪੁਲਾੜ ਵਿੱਚ ਵੀ ਆਪਣੀ ਤਾਕਤ ਦਿਖਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ।

ਮੰਗੋਲੀਆ ਦੇ ਜਿਉਕੁਆਨ ਸੈਟੇਲਾਈਟ ਲਾਂਚ ਸੈਂਟਰ ਵਿਖੇ ਚਾਈਨਾ ਹਿਊਮਨ ਸਪੇਸ ਏਜੰਸੀ ਦੇ ਡਿਪਟੀ ਡਾਇਰੈਕਟਰ ਲਿਨ ਸ਼ਿਕਿਯਾਂਗ ਨੇ ਸੋਮਵਾਰ ਨੂੰ ਉਨ੍ਹਾਂ ਦੇ 2030 ਮਿਸ਼ਨ ਦਾ ਵੇਰਵਾ ਦਿੰਦੇ ਹੋਏ ਪੁਲਾੜ ਯਾਤਰੀਆਂ ਨੂੰ ਲਾਂਚ ਕਰਨ ਦੀ ਘੋਸ਼ਣਾ ਕੀਤੀ। ਤੁਹਾਨੂੰ ਦੱਸ ਦੇਈਏ ਕਿ ਮੰਗਲਵਾਰ ਨੂੰ ਚੀਨ ਪੁਲਾੜ ਯਾਤਰੀਆਂ ਦੇ ਤੀਜੇ ਜੱਥੇ ਨੂੰ ਪੁਲਾੜ ਸਟੇਸ਼ਨ 'ਤੇ ਭੇਜਣ ਦੀ ਤਿਆਰੀ ਕਰ ਰਿਹਾ ਹੈ। ਲੀ ਨੇ ਕਿਹਾ ਕਿ ਉਨ੍ਹਾਂ ਦੇ ਤਿੰਨੋਂ ਪੁਲਾੜ ਯਾਤਰੀਆਂ ਨੂੰ ਤਿਆਨਗੋਂਗ ਪੁਲਾੜ ਸਟੇਸ਼ਨ ਲਿਜਾਇਆ ਜਾਵੇਗਾ। ਚੀਨ ਪਹਿਲਾਂ ਹੀ ਚੰਦਰਮਾ 'ਤੇ ਰੋਵਰ ਭੇਜ ਚੁੱਕਾ ਹੈ।

# ਸੜਕ ਹਾਦਸੇ ਵਿੱਚ ਓਪੀਪੀ ਅਧਿਕਾਰੀ ਤੇ ਸਕੂਲ ਬੱਸ ਦੇ ਡਰਾਈਵਰ ਦੀ ਹੋਈ ਮੌਤ



ਓਨਟਾਰੀਓ, 1 ਜੂਨ (ਪੋਸਟ ਬਿਊਰੋ) : ਸੋਮਵਾਰ ਨੂੰ ਵੁੱਡਸਟੌਕ, ਓਨਟਾਰੀਓ ਦੇ ਉੱਤਰਪੱਛਮ ਵੱਲ ਹੋਏ ਹਾਦਸੇ ਵਿੱਚ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਅਧਿਕਾਰੀ ਤੇ ਸਕੂਲ ਬੱਸ ਦੇ ਡਰਾਈਵਰ ਦੀ ਮੌਤ ਹੋ ਗਈ।

ਪ੍ਰੋਵਿੰਸ਼ੀਅਲ ਪੁਲਿਸ ਨੇ ਆਖਿਆ ਕਿ ਹਾਦਸੇ ਸਮੇਂ ਸਕੂਲ ਬੱਸ ਵਿੱਚ ਕੋਈ ਵੀ ਵਿਦਿਆਰਥੀ ਮੌਜੂਦ ਨਹੀਂ ਸੀ ਤੇ ਪੁਲਿਸ ਅਧਿਕਾਰੀ ਦੀ ਗੱਡੀ ਵਿੱਚ ਵੀ ਕੋਈ ਹੋਰ ਪੈਸੈਂਜਰ ਮੌਜੂਦ ਨਹੀਂ ਸੀ। ਇਹ ਹਾਦਸਾ ਸਵੇਰੇ 7:00 ਵਜੇ ਤੋਂ ਕੁੱਝ ਸਮਾਂ ਪਹਿਲਾਂ ਹਾਈਵੇਅ 59 ਤੇ ਆਕਸਫੋਰਡ ਕਾਊਂਟੀ ਰੋਡ 33 ਦੇ ਇੰਟਰਸੈਕਸ਼ਨ ਉੱਤੇ ਵਾਪਰਿਆ।

ਪੁਲਿਸ ਨੇ ਦੱਸਿਆ ਕਿ ਹਾਦਸੇ ਵਿੱਚ 35 ਸਾਲਾਂ ਦੇ ਕਾਂਸਟੇਬਲ ਸਟੀਵਨ ਟ੍ਰੈਂਗੋ, ਜੋ ਕਿ ਪਰਥ ਕਾਊਂਟੀ ਓਪੀਪੀ ਡਿਟੈਚਮੈਂਟ ਵਿੱਚ ਕੰਮ ਕਰਦਾ ਸੀ, ਦੀ ਮੌਤ ਹੋ ਗਈ। ਓਪੀਪੀ ਨੇ ਆਖਿਆ ਕਿ ਪਰਿਵਾਰ ਵੱਲੋਂ ਪ੍ਰਾਈਵੇਸੀ ਦੀ ਮੰਗ ਉੱਤੇ ਸਕੂਲ ਬੱਸ ਦੇ ਡਰਾਈਵਰ ਦੀ ਪਛਾਣ ਜਾਹਰ ਨਹੀਂ ਕੀਤੀ ਜਾ ਰਹੀ।

ਇੱਕ ਨਿਊਜ਼ ਰਲੀਜ਼ ਵਿੱਚ ਓਪੀਪੀ ਕਮਿਸ਼ਨਰ ਥਾਮਸ ਕਰੀਕ ਨੇ ਆਖਿਆ ਕਿ ਇਸ ਹਾਦਸੇ ਤੋਂ ਪੁਲਿਸ ਫੋਰਸ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਦੋ ਪਰਿਵਾਰਾਂ ਦੀ ਇਸ ਦੁੱਖ ਦੀ ਘੜੀ ਵਿੱਚ ਅਸੀਂ ਉਨ੍ਹਾਂ ਦੇ ਨਾਲ ਹਾਂ।

ਲੰਡਨ, ਓਨਟਾਰੀਓ ਪੁਲਿਸ ਵੱਲੋਂ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਓਪੀਪੀ ਨੇ ਆਖਿਆ ਕਿ ਉਹ ਹੋਰ ਜਾਣਕਾਰੀ ਮੁਹੱਈਆ ਨਹੀਂ ਕਰਵਾ ਸਕਦੇ ਕਿਉਂਕਿ ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ।

# ਸਿੰਗਾਪੁਰ ਵਿਚ ਮੰਦਰ ਦੇ ਗਹਿਣੇ ਗਿਰਵੀ ਰੱਖਣ ਦੇ ਦੋਸ਼ ਵਿਚ ਪੁਜਾਰੀ ਨੂੰ ਛੇ ਸਾਲ ਦੀ ਕੈਦ

ਸਿੰਗਾਪੁਰ, 1 ਜੂਨ (ਪੋਸਟ ਬਿਊਰੋ): ਬੀਤੇ ਦਿਨੀਂ ਸਿੰਗਾਪੁਰ ਵਿਚ ਇਕ ਭਾਰਤੀ ਪੁਜਾਰੀ ਨੂੰ ਛੇ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਦਰਅਸਲ ਮੰਦਰ ਦੇ ਪੁਜਾਰੀ ਨੂੰ ਮੰਦਰ ਦੇ ਗਹਿਣਿਆਂ ਨੂੰ ਗਿਰਵੀ ਰੱਖ ਕੇ ਪੈਸੇ ਗਬਨ ਕਰਨ ਦਾ ਦੋਸ਼ੀ ਪਾਇਆ ਗਿਆ ਸੀ। ਪੁਜਾਰੀ ਨੇ ਮੰਦਰ ਦੇ ਗਹਿਣੇ ਗਿਰਵੀ ਰੱਖ ਕੇ ਕਰੀਬ 20 ਲੱਖ ਸਿੰਗਾਪੁਰ ਡਾਲਰ ਲਏ ਸਨ। ਭਾਰਤੀ ਮੂਲ ਦੇ ਪੁਜਾਰੀ ਕੰਦਾਸਾਮੀ ਸੇਨਾਪਤੀ ਨੂੰ 2013 ਵਿਚ ਸਿੰਗਾਪੁਰ ਦੇ ਹਿੰਦੂ ਐਂਡੋਮੈਂਟ ਬੋਰਡ ਦੇ ਅਧੀਨ ਸ਼੍ਰੀ ਮਰੀਅਮਨ ਮੰਦਿਰ ਦੇ ਪੁਜਾਰੀ ਵਜੋਂ ਨਿਯੁਕਤ ਕੀਤਾ ਗਿਆ ਸੀ। ਘੁਟਾਲੇ ਦੇ ਸਾਹਮਣੇ ਆਉਣ ਤੋਂ ਬਾਅਦ ਕੰਦਾਸਾਮੀ ਨੇ 30 ਮਾਰਚ 2020 ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਕੰਦਾਸਾਮੀ ਸੈਨਾਪਤੀ ਇੱਕ ਭਾਰਤੀ ਨਾਗਰਿਕ ਹੈ ਅਤੇ ਉਸ ਦੁਆਰਾ ਕੀਤੀ ਗਈ ਧੋਖਾਧੜੀ ਕੋਰੋਨਾ ਮਹਾਂਮਾਰੀ ਦੌਰਾਨ ਸਾਹਮਣੇ ਆਈ ਸੀ। ਦਰਅਸਲ ਕੋਰੋਨਾ ਦੌਰਾਨ ਮੰਦਰ ਕਮੇਟੀ ਨੇ ਜਾਇਦਾਦ ਦਾ ਆਡਿਟ ਕਰਨ ਦਾ ਫੈਸਲਾ ਕੀਤਾ ਸੀ। ਇਸ ਆਡਿਟ ਵਿਚ ਕੰਦਾਸਾਮੀ ਦੁਆਰਾ ਕੀਤੀ ਗਈ ਧੋਖਾਧੜੀ ਦਾ ਖੁਲਾਸਾ ਹੋਇਆ ਸੀ। ਸਾਲ 2014 ਵਿਚ, ਮੰਦਰ ਕਮੇਟੀ ਨੂੰ ਮੰਦਰ ਦੇ ਪਾਵਨ ਅਸਥਾਨ ਦੀਆਂ ਚਾਬੀਆਂ ਅਤੇ ਕੋਡ ਨੰਬਰ ਦਿੱਤਾ ਗਿਆ ਸੀ। ਇਸ ਪਾਵਨ ਅਸਥਾਨ ਵਿਚ ਮੰਦਰ ਦਾ ਖਜ਼ਾਨਾ ਰੱਖਿਆ ਗਿਆ ਹੈ। ਜਿਸ ਵਿਚ 255 ਸੋਨੇ ਦੇ ਗਹਿਣੇ ਰੱਖੇ ਗਏ ਹਨ, ਜਿਨ੍ਹਾਂ ਦੀ ਕੀਮਤ ਲਗਭਗ 1.1 ਮਿਲੀਅਨ ਸਿੰਗਾਪੁਰ ਡਾਲਰ ਹੈ।

ਮੀਡੀਆ ਰਿਪੋਰਟਾਂ ਦੇ ਅਨੁਸਾਰ, ਸੇਨਾਪਤੀ ਨੇ ਸਾਲ 2016 ਵਿਚ ਗਹਿਣਿਆਂ ਨੂੰ ਗਿਰਵੀ ਰੱਖਣਾ ਸ਼ੁਰੂ ਕੀਤਾ ਅਤੇ ਘੋਟਾਲੇ ਦਾ ਪਰਦਾਫਾਸ਼ ਹੋਣ ਤੱਕ 2020 ਤੱਕ ਜਾਰੀ ਰਿਹਾ। ਇਕੱਲੇ 2016 ਵਿੱਚ, ਸੇਨਾਪਤੀ ਨੇ 66 ਸੋਨੇ ਦੇ ਗਹਿਣੇ ਗਿਰਵੀ ਰੱਖੇ ਸਨ। ਸੈਨਾਪਤੀ ਨੇ ਗਿਰਵੀ ਦੇ ਪੈਸੇ ਵਿੱਚੋਂ ਕੁਝ ਪੈਸੇ ਆਪਣੇ ਬੈਂਕ ਖਾਤੇ ਵਿੱਚ ਰੱਖੇ ਅਤੇ ਕੁਝ ਪੈਸੇ ਭਾਰਤ ਵਿਚ ਆਪਣੇ ਘਰ ਭੇਜ ਦਿੱਤੇ। ਘੁਟਾਲੇ ਦਾ ਪਰਦਾਫਾਸ਼ ਹੋਣ ਤੋਂ ਬਾਅਦ ਮੰਦਰ ਕਮੇਟੀ ਨੇ ਪੁਜਾਰੀ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ। ਫਿਲਹਾਲ ਮੰਦਰ ਦੇ ਸਾਰੇ ਗਹਿਣੇ ਮੰਦਰ ਨੂੰ ਵਾਪਸ ਕਰ ਦਿੱਤੇ ਗਏ ਹਨ ਅਤੇ ਮੰਦਰ ਕਮੇਟੀ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ।

## ਇਮਰਾਨ ਖਾਨ ਨੂੰ ਰਾਹਤ, ਅਦਾਲਤ ਨੇ ਘਰ ਦੀ ਤਲਾਸ਼ੀ 'ਤੇ ਲਗਾਈ ਪਾਬੰਦੀ

ਲਾਹੌਰ, 1 ਜੂਨ (ਪੋਸਟ ਬਿਊਰੋ): ਲਬੀਤੇ ਦਿਨੀਂ 'ਹੌਰ ਦੀ ਇਕ ਅੱਤਵਾਦ ਵਿਰੋਧੀ ਅਦਾਲਤ (ਏਟੀਸੀ) ਨੇ ਮੰਗਲਵਾਰ ਨੂੰ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦੇ ਚੇਅਰਮੈਨ ਇਮਰਾਨ ਖਾਨ ਦੀ ਜ਼ਮਾਨ ਪਾਰਕ ਸਥਿਤ ਰਿਹਾਇਸ਼ 'ਤੇ ਤਲਾਸ਼ੀ ਵਾਰੰਟ ਨੂੰ 'ਅਵੈਧ' ਕਰਾਰ ਦਿੱਤਾ। ਪਾਕਿਸਤਾਨ ਦੇ ਮੀਡੀਆ ਮੁਤਾਬਕ ਏਟੀਸੀ ਜੱਜ ਅਬਰ ਗੁਲ ਖਾਨ ਨੇ ਪੀਟੀਆਈ ਮੁਖੀ ਦੀ ਪਟੀਸ਼ਨ 'ਤੇ ਫੈਸਲਾ ਸੁਰੱਖਿਅਤ ਰੱਖਦਿਆਂ ਕਿਹਾ ਕਿ ਇਕ ਵਾਰ ਦਾ ਸਰਚ ਵਾਰੰਟ ਹਮੇਸ਼ਾ ਲਈ ਨਹੀਂ ਹੁੰਦਾ।

ਸਾਬਕਾ ਪ੍ਰਧਾਨ ਮੰਤਰੀ ਨੇ ਲਾਹੌਰ ਦੀ ਅੱਤਵਾਦ ਵਿਰੋਧੀ ਅਦਾਲਤ 'ਚ ਆਪਣੀ ਜ਼ਮਾਨ ਪਾਰਕ ਸਥਿਤ ਰਿਹਾਇਸ਼ ਦੇ ਸਰਚ ਵਾਰੰਟ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਸੀ। ਮੀਡੀਆ ਰਿਪੋਰਟਾਂ ਮੁਤਾਬਕ ਇਮਰਾਨ ਖਾਨ ਨੇ ਪਟੀਸ਼ਨ 'ਚ ਰਾਜ, ਕਮਿਸ਼ਨਰ ਲਾਹੌਰ, ਡੀਆਈਜੀ ਅਪਰੇਸ਼ਨ ਲਾਹੌਰ, ਐਸਐਸਪੀ ਅਪਰੇਸ਼ਨ ਲਾਹੌਰ ਅਤੇ ਹੋਰਾਂ ਨੂੰ ਜਵਾ-ਬਦੇਹ ਬਣਾਇਆ ਸੀ। 18 ਮਈ ਨੂੰ ਪੁਲਿਸ ਨੇ ਏਟੀਸੀ ਤੋਂ ਇਮਰਾਨ ਖਾਨ ਦੀ ਜ਼ਮਾਨ ਪਾਰਕ ਸਥਿਤ ਰਿਹਾਇਸ਼ ਲਈ ਸਰਚ ਵਾਰੰਟ ਹਾਸਲ ਕੀਤਾ ਸੀ।

ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਦਾਅਵਾ ਕੀਤਾ ਹੈ ਕਿ ਕੇਂਦਰ ਸਰਕਾਰ ਨਿਚਲੇ ਪੱਧਰ ਤੱਕ ਝੁਕ ਰਹੀ ਹੈ ਅਤੇ ਪੀਟੀਆਈ ਵਰਕਰਾਂ ਨੂੰ ਧਮਕਾਇਆ ਜਾ ਰਿਹਾ ਹੈ ਕਿ ਔਰਤਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਚੁੱਕ ਲਿਆ ਜਾਵੇਗਾ। ਵੀਡੀਉ ਲਿੰਕ ਰਾਹੀਂ ਜਨਤਾ ਨੂੰ ਸੰਬੋਧਿਤ ਕਰਦੇ ਹੋਏ ਖਾਨ ਨੇ ਦਾਅਵਾ ਕੀਤਾ ਕਿ ਪੀਟੀਆਈ ਵਰਕਰਾਂ ਨੂੰ ਧਮਕਾਇਆ ਜਾ ਰਿਹਾ ਹੈ ਕਿ ਔਰਤਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਚੁੱਕ ਲਿਆ ਜਾਵੇਗਾ। ਸਰਕਾਰ ਇਸ ਪੱਧਰ ਤੱਕ ਝੁਕ ਗਈ ਹੈ। ਪਾਕਿਸਤਾਨ ਦੀ ਰਾਜਨੀਤੀ ਇਸ ਪੱਧਰ ਤੱਕ ਡਿੱਗਣ ਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ ਸੀ।















## ਮਕਾਨ ਮਾਲਕ ਤੇ ਕਿਰਾਏਦਾਰਾਂ ਦਰਮਿਆਨ ਹੋਏ ਝਗੜੇ ਵਿੱਚ ਤਿੰਨ ਹਲਾਕ

ਹੈਮਿਲਟਨ, 1 ਜੂਨ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਸਟੋਨੀ ਕ੍ਰੀਕ ਵਿੱਚ ਮਕਾਨ ਮਾਲਕ ਤੇ ਕਿਰਾਏਦਾਰਾਂ ਦਰਮਿਆਨ ਹੋਏ ਝਗੜੇ ਕਾਰਨ ਤਿੰਨ ਵਿਅਕਤੀ ਮਾਰੇ ਗਏ।

ਸਾਰਜੈਂਟ ਸਟੀਵ ਬੈਰੇਜ਼ਿਊਕ ਨੇ ਦੱਸਿਆ ਕਿ ਸ਼ਨਿੱਚਰਵਾਰ ਨੂੰ ਸ਼ਾਮੀਂ 5:30 ਵਜੇ ਤੋਂ ਬਾਅਦ ਉਨ੍ਹਾਂ ਨੂੰ ਬਾਰਟਨ ਸਟਰੀਟ ਦੇ ਨੇੜੇ ਜੋਨਜ਼ ਰੋਡ ਉੱਤੇ ਸਥਿਤ ਇੱਕ ਘਰ ਵਿੱਚ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਇੱਕ 27 ਸਾਲਾ ਮਹਿਲਾ ਐਜੂਕੇਸ਼ਨਲ ਅਸਿਸਟੈਂਟ ਤੇ 28 ਸਾਲਾ ਪੁਰਸ਼ ਇਲੈਕਟ੍ਰੀਸ਼ੀਅਨ ਘਰ ਦੇ ਠੀਕ ਬਾਹਰ ਮ੍ਰਿਤਕ ਪਏ ਮਿਲੇ। ਫਿਰ ਪੁਲਿਸ ਨੇ ਘਰ ਵਿੱਚ ਹੀ ਖੁਦ ਨੂੰ ਹਥਿਆਰਾਂ ਨਾਲ ਬੰਦ ਕਰੀ ਬੈਠੇ 57 ਸਾਲਾ ਵਿਅਕਤੀ ਨਾਲ ਗੱਲਬਾਤ ਸ਼ੁਰੂ ਕੀਤੀ। ਬੈਰੇਜ਼ਿਊਕ ਨੇ ਦੱਸਿਆ ਕਿ ਉਹ ਮਕਾਨ ਮਾਲਕ ਸੀ ਤੇ ਕਿਰਾਏਦਾਰਾਂ ਦੇ ਘਰ ਦੇ ਉੱਪਰਲੀ ਯੂਨਿਟ ਵਿੱਚ ਰਹਿੰਦਾ ਸੀ।

ਮਸਲੇ ਨੂੰ ਸ਼ਾਂਤਮਈ ਢੰਗ ਨਾਲ ਹੱਲ ਕਰਨ ਲਈ ਪੁਲਿਸ ਨੇ ਇਲਾਕਾ ਵਾਸੀਆਂ ਨੂੰ ਆਪਣੀਆਂ ਬੇਸਮੈਂਟਸ ਵਿੱਚ ਚਲੇ ਜਾਣ ਦੀ ਸਲਾਹ ਦਿੱਤੀ। ਪੁਲਿਸ ਨੇ ਬਿਆਨ ਵਿੱਚ ਆਖਿਆ ਕਿ ਗੱਲਬਾਤ ਦੌਰਾਨ ਮਸ਼ਕੂਕ ਨੇ



ਹੈਮਿਲਟਨ ਪੁਲਿਸ ਦੀ ਹਥਿਆਰਬੰਦ ਗੱਡੀ ਉੱਤੇ ਗੋਲੀ ਚਲਾ ਦਿੱਤੀ। ਮਸ਼ਕੂਕ ਨੇ ਬਾਅਦ ਵਿੱਚ ਹੋਰ ਗੋਲੀਆਂ ਵੀ ਚਲਾਈਆਂ ਤੇ ਫਿਰ ਪੁਲਿਸ ਨੂੰ ਵੀ ਜਵਾਬੀ ਕਾਰਵਾਈ ਕਰਨੀ ਪਈ। ਇਸ ਦੌਰਾਨ ਮਸ਼ਕੂਕ ਦੀ ਮੌਤ ਹੋ ਗਈ। ਰਾਤੀਂ 1:00 ਵਜੇ ਦੇ ਨੇੜੇ ਤੇੜੇ ਪੁਲਿਸ ਨੇ ਹਾਲਾਤ ਉੱਤੇ ਕਾਬੂ ਪਾਇਆ।

ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਨੇ ਬਿਆਨ ਜਾਰੀ ਕਰਕੇ ਆਖਿਆ ਕਿ ਇਸ ਮਾਮਲੇ ਦੀ ਉਨ੍ਹਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਬੈਰੇਜ਼ਿਊਕ ਨੇ ਆਖਿਆ ਕਿ ਦੋਵੇਂ ਕਿਰਾਏਦਾਰ ਬੇਕਸੂਰ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਇਹ ਦੋਵੇਂ ਕਿਰਾਏਦਾਰ ਮਿਹਨਤੀ ਤੇ ਜਵਾਨ ਸਨ। ਉਹ ਕਿਸੇ ਵੀ ਮੁਜਰਮਾਨਾ ਗਤੀਵਿਧੀ ਵਿੱਚ ਸ਼ਾਮਲ ਨਹੀਂ ਸਨ। ਦੋਵਾਂ ਦਾ ਮੰਗਣਾ ਹੋ ਚੁੱਕਿਆ ਸੀ ਤੇ ਉਹ ਜਲਦ ਹੀ ਵਿਆਹ ਕਰਵਾਉਣ ਵਾਲੇ ਸਨ। ਉਨ੍ਹਾਂ ਅੰਤ ਵਿੱਚ ਆਖਿਆ ਕਿ ਇਹ ਬਹੁਤ ਹੀ ਦੁਖਦਾਈ ਘਟਨਾ ਹੈ।

## ਟੈੱਡ ਸੂ ਵੀ ਓਨਟਾਰੀਓ ਲਿਬਰਲ ਲੀਡਰਸ਼ਿਪ ਦੌੜ ਵਿੱਚ ਹੋਏ ਸ਼ਾਮਲ

ਓਨਟਾਰੀਓ, 1 ਜੂਨ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਪਾਰਟੀ ਦਾ ਅਗਲਾ ਆਗੂ ਬਣਨ ਲਈ ਇੱਕ ਹੋਰ ਉਮੀਦਵਾਰ ਰਸਮੀ ਤੌਰ ਉੱਤੇ ਚੋਣ ਪਿੜ ਵਿੱਚ ਦਾਖਲ ਹੋ ਗਿਆ ਹੈ।

ਐਤਵਾਰ ਨੂੰ ਟੈੱਡ ਸੂ ਨੇ ਕਿੰਗਸਟਨ ਤੋਂ ਆਪਣੀ ਕੈਂਪੇਨ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਹੋਮ ਟਾਊਨ ਮਿਊਜ਼ਿਕ ਹੀਰੋ ਰੌਬ ਬੇਕਰ ਵੀ ਹਾਜ਼ਰ ਸਨ। ਸੂ ਨੇ ਆਖਿਆ ਕਿ ਉਹ ਆਪਣੀ ਪਾਰਟੀ ਨੂੰ ਨਵੀਂ ਸ਼ੁਰੂਆਤ ਦੇਣੀ ਚਾਹੁੰਦੇ



ਹਨ ਤੇ ਲਿਬਰਲਾਂ ਨੂੰ ਇੱਕ ਵਾਰੀ ਫਿਰ ਲੋਕਾਂ ਦਾ ਭਰੋਸਾ ਜਿੱਤਣ ਲਈ ਪੈਰਾਂ ਸਿਰ ਕਰਨਾ ਚਾਹੁੰਦੇ ਹਨ। ਇਲੈਕਸ਼ਨਜ਼ ਓਨਟਾਰੀਓ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੂ ਨੇ 20 ਮਈ ਨੂੰ ਉਮੀਦਵਾਰ ਵਜੋਂ ਰਸਮੀ ਤੌਰ ਉੱਤੇ ਆਪਣੇ ਕਾਗਜ਼ ਰਜਿਸਟਰ ਕਰਵਾਏ ਸਨ।

ਸੂ ਇੱਕ ਸਾਲ ਪਹਿਲਾਂ ਹੋਈਆਂ ਪ੍ਰੋਵਿੰਸ਼ੀਅਲ ਚੋਣਾਂ ਤੋਂ ਹੀ ਕਿੰਗਸਟਨ ਐਂਡ ਦ ਆਈਲੈਂਡਜ਼ ਦੇ ਐਮਪੀਪੀ ਹਨ ਤੇ ਉਹ ਸੱਤ ਲਿਬਰਲ ਐਮਪੀਪੀਜ਼ ਵਿੱਚੋਂ ਇੱਕ ਹਨ। ਭਾਵੇਂ ਕਈ ਉਮੀਦਵਾਰ ਇਸ ਦੌੜ ਵਿੱਚ ਹਿੱਸਾ ਲੈਣ ਦੀ ਆਪਣੀ ਇੱਛਾ ਜਤਾ ਚੁੱਕੇ ਹਨ ਪਰ ਅਜੇ ਤੱਕ ਬੀਚਿਜ਼ ਈਸਟ ਯੌਰਕ ਤੋਂ ਐਮਪੀ ਨਥਾਨੀਅਲ ਅਰਸਕਿਨ ਸਮਿੱਥ ਨੇ ਹੀ ਉਮੀਦਵਾਰ ਵਜੋਂ ਆਪਣਾ ਨਾਂ ਰਜਿਸਟਰ ਕਰਵਾਇਆ ਹੈ। ਇਸ ਤੋਂ ਇਲਾਵਾ ਮਿਸੀਸਾਗਾ ਦੀ ਮੇਅਰ ਬੌਨੀ ਕ੍ਰੌਂਬੀ ਨੇ ਵੀ ਆਪਣੇ ਪਰ ਤੋਲਣ ਲਈ ਇੱਕ ਐਕਸਪਲੋਰੇਟਰੀ ਕਮੇਟੀ ਕਾਇਮ ਕੀਤੀ ਹੈ। ... ਬਾਕੀ ਸਫਾ 2 ’ਤੇ

## ਡੁੱਬਣ ਕਾਰਨ 3 ਸਾਲਾ ਬੱਚੇ ਦੀ ਹੋਈ ਮੌਤ

ਓਕਵਿੱਲ, 1 ਜੂਨ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਓਕਵਿੱਲ ਦੇ ਇੱਕ ਘਰ ਦੇ ਬੈਕਯਾਰਡ ਵਿੱਚ ਬਣੇ ਪੂਲ ਵਿੱਚ ਡੁੱਬ ਜਾਣ ਕਾਰਨ ਇੱਕ 3 ਸਾਲਾ ਬੱਚੇ ਦੀ ਹੋਈ ਮੌਤ ਦੀ ਪੁਲਿਸ ਜਾਂਚ ਕਰ ਰਹੀ ਹੈ।

ਇਹ ਹਾਦਸਾ ਸਪੀਅਰਜ਼ ਰੋਡ ਤੇ ਸ਼ਰਡ ਲੇਨ ਇਲਾਕੇ ਵਿੱਚ ਸਥਿਤ ਇੱਕ ਘਰ ਵਿੱਚ ਵਾਪਰਿਆ। ਹਾਲਟਨ ਰੀਜਨਲ ਪੁਲਿਸ ਸਰਵਿਸ (ਐਚਆਰਪੀਐਸ) ਨੇ ਦੱਸਿਆ ਕਿ ਸ਼ਾਮੀਂ 7:00 ਵਜੇ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੁਲਿਸ ਅਨੁਸਾਰ ਘਰ ਵਿੱਚ ਕੋਈ ਪਾਰਟੀ ਚੱਲ ਰਹੀ ਸੀ ਤੇ ਵੱਡੀ ਮਾਤਰਾ ਵਿੱਚ ਬਾਲਗ ਤੇ ਬੱਚੇ ਇੱਥੇ ਆਏ ਹੋਏ ਸਨ। ਇਹ ਤਿੰਨ ਸਾਲਾ ਬੱਚਾ ਪਾਣੀ ਵਿੱਚ ਡਿੱਗ ਗਿਆ ਤੇ ਲੰਮੇਂ ਸਮੇਂ ਤੱਕ ਕਿਸੇ ਦਾ ਧਿਆਨ ਉਸ ਵੱਲ ਨਹੀਂ ਗਿਆ।

ਜਿਵੇਂ ਹੀ ਬੱਚੇ ਦੇ ਪੂਲ ਵਿੱਚ ਡਿੱਗਣ ਦਾ ਪਤਾ ਲੱਗਿਆ ਤਾਂ ਉਸ ਨੂੰ ਕੱਢ ਕੇ ਬਾਲਗਾਂ ਵੱਲੋਂ ਉਸ ਦੀ ਜਾਨ ਬਚਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਗਈਆਂ। ਫਿਰ ਐਮਰਜੰਸੀ ਅਮਲੇ





ਵੱਲੋਂ ਵੀ ਉਸ ਦੀ ਜਾਨ ਬਚਾਉਣ ਦੀਆਂ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਬੱਚੇ ਨੂੰ ਬਚਾਇਆ ਨਹੀਂ ਜਾ ਸਕਿਆ ਤੇ ਹਸਪਤਾਲ ਪਹੁੰਚਣ ਉੱਤੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।


ਪੁਲਿਸ ਨੇ ਦੱਸਿਆ ਕਿ ਬੱਚੇ ਦੇ ਨਾਂ ਅਤੇ ਪਾਰਟੀ ਵਿੱਚ ਸ਼ਾਮਲ ਹੋਏ ਲੋਕਾਂ ਸਬੰਧੀ ਵੇਰਵੇ ਜਾਰੀ ਨਹੀਂ ਕੀਤੇ ਜਾ ਰਹੇ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹੋਣ ਵਾਲੀ ਮੌਤ ਦੀ ਜਾਂਚ ਹਾਲਟਨ ਰੀਜਨਲ ਪੁਲਿਸ ਸਰਵਿਸ ਦੇ ਹੋਮੀਸਾਈਡ ਬਿਊਰੋ ਵੱਲੋਂ ਕੌਰੋਨਰ ਆਫਿਸ ਨਾਲ ਰਲ ਕੇ ਕੀਤੀ ਜਾਂਦੀ ਹੈ। ਅਜੇ ਤੱਕ ਕਿਸੇ ਖਿਲਾਫ ਕੋਈ ਚਾਰਜਿਜ਼ ਨਹੀਂ ਲਾਏ ਗਏ ਹਨ।

## ਦੋ ਗੱਡੀਆਂ ਦੀ ਟੱਕਰ ਮਗਰੋਂ ਇੱਕ ਪਲਟੀ, ਮਹਿਲਾ ਹਲਾਕ

ਬਰੈਂਪਟਨ, 1 ਜੂਨ (ਪੋਸਟ ਬਿਊਰੋ) : ਬਰੈਂਪਟਨ ਵਿੱਚ ਇੱਕ ਜੀਪ ਤੇ ਮਿਨੀਵੈਨ ਦਰਮਿਆਨ ਹੋਈ ਟੱਕਰ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ।

ਸ਼ੁੱਕਰਵਾਰ ਰਾਤੀਂ 2:00 ਵਜੇ ਤੋਂ ਠੀਕ ਬਾਅਦ ਬ੍ਰਾਮੇਲੀਆ ਰੋਡ ਤੇ ਸੈਂਡਲਵੁੱਡ ਪਾਰਕਵੇਅ ਦੇ ਇੰਟਰਸੈਕਸ਼ਨ ਉੱਤੇ ਹੋਏ ਇਸ ਹਾਦਸੇ ਦਾ ਪਤਾ ਲੱਗਣ ਮਗਰੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਪੁਲਿਸ ਨੇ ਦੱਸਿਆ ਕਿ ਹੌਂਡਾ ਓਡਿਸੀ ਨੇ ਜੀਪ ਰੈਂਗਲਰ ਦੇ ਪਿਛਲੇ ਹਿੱਸੇ ਨੂੰ ਮਾਮੂਲੀ ਜਿਹੀ ਟੱਕਰ ਮਾਰੀ। ਪਰ ਇਸ ਨਾਲ ਜੀਪ ਪਲਟ ਗਈ।

ਜੀਪ ਵਿੱਚ ਸਵਾਰ ਮਹਿਲਾ ਨੂੰ ਮੌਕੇ



ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਮਾਮੂਲੀ ਸੱਟਾਂ ਨਾਲ ਮਿਨੀਵੈਨ ਦੀ ਮਹਿਲਾ ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਰੈੱਡ ਲਾਈਟ ਕਿਹੜੀ ਗੱਡੀ ਨੇ ਟੱਪੀ।

ਜਾਂਚ ਤੇ ਸਾਫ-ਸਫਾਈ ਲਈ ਇਸ ਇੰਟਰਸੈਕਸ਼ਨ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਇਸ ਦੇ ਕਈ ਘੰਟਿਆਂ


## ਅਮਰੀਕਾ ’ਚ ਚੱਲੀਆਂ ਗੋਲੀਆਂ, ਹਾਲੀਵੁੱਡ ’ਚ ਨਬਾਲਿਗ ਸਮੇਤ 9 ਲੋਕ ਜ਼ਖਮੀ

ਫਲੋਰਿਡਾ, 1 ਜੂਨ (ਪੋਸਟ ਬਿਊਰੋ): ਅਮਰੀਕਾ ਵਿੱਚ ਇੱਕ ਵਾਰ ਫਿਰ ਗੋਲੀਆਂ ਚੱਲੀਆਂ ਹਨ। ਬੀਤੇ ਦਿਨੀਂ ਮੀਡੀਆ ਰਿਪੋਰਟਾਂ ਮੁਤਾਬਕ ਮੈਮੋਰੀਅਲ ਡੇਅ 'ਤੇ ਫਲੋਰੀਡਾ ਦੇ ਹਾਲੀਵੁੱਡ ਬੀਚ 'ਤੇ ਭੀੜ 'ਤੇ ਗੋਲੀਬਾਰੀ ਕੀਤੀ ਗਈ, ਜਿਸ ਨਾਲ ਘੱਟੋ-ਘੱਟ 9 ਲੋਕ ਜ਼ਖਮੀ ਹੋ ਗਏ। ਸੀਬੀਐਸ ਮਿਆਮੀ ਦੀ ਰਿਪੋਰਟ ਅਨੁਸਾਰ, ਐਨ ਬ੍ਰੌਡਵਾਕ ਦੇ 1200 ਬਲਾਕ ਵਿੱਚ ਸੋਮਵਾਰ ਸ਼ਾਮ ਨੂੰ ਵਾਪਰੀ ਇਸ ਘਟਨਾ ਵਿੱਚ ਘੱਟੋ-ਘੱਟ ਤਿੰਨ ਨਾਬਾਲਗ ਜ਼ਖਮੀ ਹੋ ਗਏ। ਘਟਨਾ ਤੋਂ ਬਾਅਦ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਹਾਲੀਵੁੱਡ ਅਧਿਕਾਰੀਆਂ ਨੇ ਦੱਸਿਆ ਕਿ ਇਹ ਸਾਰਾ ਘਟਨਾਕ੍ਰਮ ਦੋ ਗੁੱਟਾਂ ਵਿਚਾਲੇ ਲੜਾਈ ਤੋਂ ਬਾਅਦ ਸ਼ੁਰੂ ਹੋਇਆ, ਜੋ ਗੋਲੀਬਾਰੀ ਤੋਂ ਬਾਅਦ ਖੂਨੀ ਝੜਪ 'ਚ ਬਦਲ ਗਿਆ। ਵੱਡੇ ਪੱਧਰ 'ਤੇ ਗੋਲੀਬਾਰੀ ਦੇ ਬਾਅਦ, ਹਾਲੀਵੁੱਡ ਪੁਲਿਸ ਵਿਭਾਗ ਨੇ ਕਿਹਾ, "ਕਿਰਪਾ ਕਰਕੇ ਗਾਰਫੀਲਡ ਸਟਰੀਟ ਅਤੇ ਬ੍ਰਾਡਵਾਕ 'ਤੇ ਜੌਹਨਸਨ ਰਾਹੀ ਗੱਡੀ ਚਲਾਉਣ ਤੋਂ ਬਚੋ ਕਿਉਂਕਿ ਹਾਲ ਹੀ ਵਿੱਚ ਹੋਈ ਗੋਲੀਬਾਰੀ ਦੀ ਜਾਂਚ ਜਾਰੀ ਹੈ। ਖੇਤਰ ਵਿੱਚ ਭਾਰੀ ਪੁਲਿਸ ਮੌਜੂਦਗੀ। ਜੇਕਰ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਦੁਬਾਰਾ ਮਿਲਣ ਦੀ ਕੋਸ਼ਿਸ਼ ਕਰ ਰਿਹਾ ਹੈ, ਅਸੀਂ ਜੌਨਸਨ ਸੇਂਟ ਅਤੇ ਐਨ ਉਸ਼ੀਅਨ ਬੱਸ ਲੂਪ ਵਿਖੇ ਇੱਕ ਰੀਯੂਨੀਅਨ ਖੇਤਰ ਸਥਾਪਤ ਕੀਤਾ ਹੈ।"ਇਸ ਦੌਰਾਨ ਪੰਜ ਜ਼ਖਮੀਆਂ ਦਾ ਮੈਮੋਰੀਅਲ ਰੀਜਨਲ ਹਸਪਤਾਲ ਦੇ ਟਰਾਮਾ ਸੈਂਟਰ ਵਿੱਚ ਇਲਾਜ ਕੀਤਾ ਜਾ ਰਿਹਾ ਹੈ। ਸਾਂਚੇਜ਼ ਨੇ ਕਿਹਾ, "ਇਹ ਇੱਕ ਗੰਭੀਰ ਸਥਿਤੀ ਹੈ, ਜ਼ਖਮੀਆਂ ਵਿੱਚੋਂ ਕੁਝ ਨਾਬਾਲਗ ਹਨ।"

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਸਾਈਕਲਿਸਟ ਦੀ ਹੋਈ ਮੌਤ

ਇਟੋਬੀਕੋ, 1 ਜੂਨ (ਪੋਸਟ ਬਿਊਰੋ) : ਬੀਤੇ ਦਿਨੀਂ ਇਟੋਬੀਕੋ ਵਿੱਚ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਸਾਈਕਲਿਸਟ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਐਤਵਾਰ ਨੂੰ ਸ਼ਾਮੀਂ 7:30 ਵਜੇ ਤੋਂ ਠੀਕ ਪਹਿਲਾਂ ਉਨ੍ਹਾਂ ਨੂੰ ਸਕਾਰਲੈੱਟ ਰੋਡ ਤੇ ਬ੍ਰੇਬਰਨ ਐਵਨਿਊ ਇਲਾਕੇ ਵਿੱਚ ਹਾਦਸੇ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਪੁਲਿਸ ਅਨੁਸਾਰ ਹਾਦਸੇ ਦਾ ਸ਼ਿਕਾਰ ਹੋਏ ਪੁਰਸ਼ ਸਾਈਕਲਿਸਟ ਨੂੰ ਮੌਕੇ ਉੱਤੇ ਹੀ



ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕ ਦੀ ਉਮਰ ਦੇ ਸਬੰਧ ਵਿੱਚ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

ਜਿਸ ਗੱਡੀ ਵੱਲੋਂ ਸਾਈਕਲ ਨੂੰ ਟੱਕਰ ਮਾਰੀ ਗਈ ਸੀ, ਉਸ ਦਾ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ।

## ਲਾਪਤਾ ਬੱਚੇ ਦੀ ਹੋਈ ਮੌਤ

ਓਨਟਾਰੀਓ, 1 ਜੂਨ (ਪੋਸਟ ਬਿਊਰੋ) : ਵੀਰਵਾਰ ਰਾਤ ਨੂੰ ਓਨਟਾਰੀਓ ਤੋਂ ਲਾਪਤਾ ਹੋਣ ਤੋਂ ਬਾਅਦ ਇੱਕ ਬੱਚਾ ਮ੍ਰਿਤਕ ਪਾਇਆ ਗਿਆ।

ਵੀਰਵਾਰ ਨੂੰ ਸ਼ਾਮੀਂ 5:20 ਤੋਂ ਪਹਿਲਾਂ ਕੋਬਰਗ ਦੇ ਉੱਤਰ ਵਿੱਚ ਹੈਮਿਲਟਨ ਟਾਊਨਸ਼ਿਪ ਦੇ ਇੱਕ ਘਰ ਤੋਂ ਇੱਕ ਬੱਚੇ ਦੇ ਲਾਪਤਾ ਹੋਣ ਦੀ ਕਾਲ ਨੌਰਥੰਬਰਲੈਂਡ ਕਾਊਂਟੀ, ਓਨਟਾਰੀਓ ਵਿੱਚ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਨੂੰ ਮਿਲੀ। ਪਰ ਪੁਲਿਸ ਨੇ ਦੱਸਿਆ ਕਿ ਬੱਚਾ ਘਰ ਵਿੱਚ ਹੀ ਮ੍ਰਿਤਕ ਪਾਇਆ ਗਿਆ। ਬੱਚੇ ਦੀ ਮੌਤ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ।

ਜਿਸ ਘਰ ਵਿੱਚ ਬੱਚੇ ਦੀ ਮੌਤ ਹੋਈ ਉੱਥੇ



ਮੌਤ ਦੇ ਸਬੰਧ ਵਿੱਚ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਮਾਮਲੇ ਦੀ ਜਾਂਚ ਨੌਰਥੰਬਰਲੈਂਡ ਓਪੀਪੀ ਕ੍ਰਾਈਮ ਯੂਨਿਟ ਤੇ ਸੈਂਟਰਲ ਰੀਜਨ ਫੋਰੈਂਸਿਕ ਆਇਡੈਂਟੀਫਿਕੇਸ਼ਨ ਸਰਵਿਸਿਜ਼ (ਐਫਆਈਐਸ) ਵੱਲੋਂ ਕੀਤੀ ਜਾ ਰਹੀ ਹੈ। ਇਸ ਦੇ ਨਿਰਦੇਸ਼ ਓਪੀਪੀ ਦੀ ਕ੍ਰਿਮੀਨਲ ਇਨਵੈਸਟੀਗੇਸ਼ਨ ਬ੍ਰਾਂਚ ਵੱਲੋਂ ਦਿੱਤੇ ਗਏ ਹਨ ਤੇ ਇਸ ਵਿੱਚ ਆਫਿਸ ਆਫ ਦ ਚੀਫ ਕੌਰੋਨਰ ਫੌਰ ਓਨਟਾਰੀਓ ਵੱਲੋਂ ਮਦਦ ਕੀਤੀ ਜਾ ਰਹੀ ਹੈ।

## ਪੰਜਾਬ ਪੁਲਿਸ ਨੇ ‘ਸਾਕਾ ਨੀਲਾਤਾਰਾ ਵਰੇਗੰਢ’ ਨੂੰ ਸ਼ਾਂਤੀਪੂਰਨ ਢੰਗ ਨਾਲ ਮਨਾਉਣ ਨੂੰ ਯਕੀਨੀ ਬਣਾਉਣ ਲਈ ਖਿੱਚੀ ਤਿਆਰੀ

### ਰਾਜ ਭਰ ’ਚ ਪੁਲਿਸ ਸੁਰੱਖਿਆ ਵਧਾਈ, ਸੀਪੀਜ਼ /ਐਸਐਸਪੀਜ਼ ਨੇ ਆਪਣੇ ਸਬੰਧਤ ਜ਼ਿਲਆਂ ਵਿੱਚ ਕੀਤਾ ਫਲੈਗ ਮਾਰਚ

ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ): ਸਾਕਾ ਨੀਲਾ ਤਾਰਾ ਦੀ ਵਰੇਗੰਢ ਨੂੰ ਧਿਆਨ ਵਿੱਚ ਰੱਖਦੇ ਹੋਏ- ਜਿਸ ਨੂੰ ਘੱਲੂਘਾਰਾ ਹਫਤੇ ਵਜੋਂ ਵੀ ਜਾਣਿਆ ਜਾਂਦਾ ਹੈ, ਪੰਜਾਬ ਪੁਲਿਸ ਨੇ ਇਸ ਹਫ਼ਤੇ ਨੂੰ ਸ਼ਾਂਤੀਪੂਰਵਕ ਢੰਗ ਨਾਲ ਮਨਾਏ ਜਾਣ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਰਾਜ ਭਰ ਵਿੱਚ ਸੁਰੱਖਿਆ ਵਧਾ ਦਿੱਤੀ ਹੈ।

ਵੀਰਵਾਰ ਨੂੰ, ਸੀਪੀਜ/ਐਸਐਸਪੀਜ ਦੀ ਅਗਵਾਈ ਵਿੱਚ ਪੁਲਿਸ ਟੀਮਾਂ ਨੇ ਆਮ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨ ਦੇ ਉਪਾਅ ਵਜੋਂ ਆਪਣੇ ਸਬੰਧਤ ਜਿਲਿਆਂ ਦੇ ਸੰਵੇਦਨਸ਼ੀਲ ਅਤੇ ਗੜਬੜੀ ਦੀ ਸੰਭਾਵਨਾ ਵਾਲੇ ਖੇਤਰਾਂ ਵਿੱਚ ਫਲੈਗ ਮਾਰਚ ਵੀ ਕੱਢੇ। ਸਾਰੇ 28 ਪੁਲਿਸ ਜ਼ਿਲਿਆਂ ਵਿੱਚ 192 ਸੰਵੇਦਨਸ਼ੀਲ ਖੇਤਰਾਂ ਨੂੰ ਕਵਰ ਕਰਦੇ ਹੋਏ 110 ਫਲੈਗ ਮਾਰਚ ਕੱਢੇ ਗਏ।

ਇਹ ਅਭਿਆਸ ਮੁੱਖ ਮੰਤਰੀ



ਭਗਵੰਤ ਮਾਨ ਦੇ ਸੁਪਨੇ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੇ ਹਿੱਸੇ ਵਜੋਂ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ ‘ਤੇ ਅਮਲ ਵਿੱਚ ਲਿਆਂਦਾ ਗਿਆ ।

ਵਿਸ਼ੇਸ਼ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸੀਪੀਜ/ਐਸਐਸਪੀਜ ਨੂੰ ਆਪੋ-ਆਪਣੇ ਜਿਲਿਆਂ ਦੇ ਸੰਵੇਦਨਸ਼ੀਲ ਖੇਤਰਾਂ ਵਿੱਚ ਫਲੈਗ ਮਾਰਚ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਪੁਲਿਸ ਟੀਮਾਂ ਨੇ ਫਲੈਗ ਮਾਰਚ ਦੌਰਾਨ 368 ਸ਼ੱਕੀ ਵਿਅਕਤੀਆਂ ਨੂੰ ਪੁੱਛਗਿਛ ਲਈ ਹਿਰਾਸਤ ਵਿੱਚ ਲਿਆ।

ਉਨਾਂ ਕਿਹਾ ਕਿ ਇਸ ਵਿਸ਼ੇਸ਼ ਅਭਿਆਸ ਦਾ ਉਦੇਸ਼ ਕਿਸੇ ਵੀ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਲਈ ਪੁਲਿਸ ਮੁਲਾਜ਼ਮਾਂ ਨੂੰ ਤਿਆਰ ਕਰਨ ਦੇ ਨਾਲ-ਨਾਲ ਆਮ ਲੋਕਾਂ ਦਾ ਵਿਸ਼ਵਾਸ ਵਧਾਉਣਾ ਹੈ।

ਅਰਪਿਤ ਸ਼ੁਕਲਾ ਨੇ ਕਿਹਾ, “ਪੰਜਾਬ ਪੁਲਿਸ ਸਾਕਾ ਨੀਲਾ ਤਾਰਾ ਦੀ ਵਰੇਗੰਢ ਨੂੰ ਸਾਂਤੀਪੂਰਵਕ ਢੰਗ ਨਾਲ ਮਨਾਏ ਜਾਣ ਨੂੰ ਯਕੀਨੀ ਬਣਾਏਗੀ, ਜਿਸ ਲਈ ਸੂਬੇ ਭਰ ਵਿੱਚ ਸੁਰੱਖਿਆ ਦੇ ਪੁਖਤਾ ਪ੍ਰਬੰਧ ਵੀ ਕੀਤੇ ਗਏ ਹਨ।”

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਸਮਾਜ ਵਿਰੋਧੀ ਅਨਸਰਾਂ ਦੀ ਘੁਸਪੈਠ ਨੂੰ ਰੋਕਣ ਲਈ ਬੱਸ ਸਟੈਂਡ, ਰੇਲਵੇ ਸਟੇਸ਼ਨ ਅਤੇ ਹੋਰ ਸੰਵੇਦਨਸ਼ੀਲ ਥਾਵਾਂ ਸਮੇਤ ਅਹਿਮ ਥਾਵਾਂ ‘ਤੇ ਪੁਲਿਸ ਟੀਮਾਂ ਦੀ ਤਾਇਨਾਤੀ ਵੀ ਵਧਾ ਦਿੱਤੀ ਗਈ ਹੈ।

ਦੱਸਣਯੋਗ ਹੈ ਕਿ ਸੀਪੀਜ/ਐਸਐਸਪੀਜ ਨੂੰ ਵੀ ਆਪਣੇ ਅਧਿਕਾਰ ਖੇਤਰਾਂ ਵਿੱਚ ਪੁਲਿਸ ਨਾਕਿਆਂ ਤੇ ਮੁਸਤੈਦੀ ਵਧਾਉਣ ਅਤੇ ਆਉਣ ਵਾਲੇ/ਬਾਹਰ ਜਾਣ ਵਾਲੇ ਸਾਰੇ ਸ਼ੱਕੀ ਵਾਹਨਾਂ ਦੀ ਚੈਕਿੰਗ ਕਰਨ ਲਈ ਵੀ ਨਿਰਦੇਸ਼ ਦਿੱਤੇ ਗਏ ਹਨ।

## ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ-ਟਾਲਰੈਂਸ ਪਹੁੰਚ ਨੂੰ ਯਕੀਨੀ ਬਣਾਇਆ ਜਾਵੇਗਾ : ਬਲਕਾਰ ਸਿੰਘ

ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ): ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਸੂਬੇ ਦੇ ਸਾਰੇ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਵਿੱਚ ਜ਼ੀਰੋ ਟਾਲਰੈਂਸ ਨੀਤੀ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇਗੀ ਤਾਂ ਜੋ ਪੰਜਾਬ ਦੀਆਂ ਸਾਰੀਆਂ ਸਥਾਨਕ ਸੰਸਥਾਵਾਂ ਵਿੱਚ ਸੁਚਾਰੂ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਨੂੰ ਯਕੀਨੀ ਬਣਾਇਆ ਜਾ ਸਕੇ।

ਇਸ ਮੌਕੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਰਮਨ ਅਰੋੜਾ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੇ ਨਾਲ ਸਥਾਨਕ ਸਰਕਟ ਹਾਊਸ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਕਿਹਾ ਕਿ ਸ਼ਹਿਰ ਵਿੱਚ ਬੁਨਿਆਦੀ ਸਹੂਲਤਾਂ ਦੀ ਉਪਲਬਧਤਾ ‘ਤੇ ਵਿਸ਼ੇਸ਼ ਜੋਰ ਦਿੱਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਪੀਣ ਵਾਲਾ ਸਵੱਛ ਪਾਣੀ, ਸਾਫ-ਸਫਾਈ, ਬਿਹਤਰ ਸੜਕੀ ਬੁਨਿਆਦੀ ਢਾਂਚਾ, ਸਟ੍ਰੀਟ ਲਾਈਟਿੰਗ ਵਰਗੇ ਲਾਭ ਦਿੱਤੇ ਜਾ ਸਕਣ। ਉਨਾਂ ਕਿਹਾ ਕਿ ਜਲੰਧਰ ਨੇ ਸੁਸ਼ੀਲ ਕੁਮਾਰ ਰਿੰਕੂ ਨੂੰ ਵੱਡੇ ਫਰਕ ਨਾਲ ਜਿਤਾ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ



ਸਰਕਾਰ ਤੇ ਵਿਸ਼ਵਾਸ਼ ਦਿਖਾਇਆ ਹੈ ਤੇ ਹੁਣ ਸਾਡਾ ਫਰਜ ਬਣਦਾ ਹੈ ਕਿ ਸ਼ਹਿਰ ਨੂੰ ਸੂਬੇ ਦੇ ਮੋਹਰੀ ਸ਼ਹਿਰਾਂ ਵਿੱਚੋਂ ਇੱਕ ਬਣਾ ਕੇ ਜਲੰਧਰ ਦੇ ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰੀਏ। ਉਨਾਂ ਇਹ ਵੀ ਦੱਸਿਆ ਕਿ ਇਸ ਸ਼ਹਿਰ ਦੇ ਵਿਕਾਸ ਨੂੰ ਨਵੀਆਂ ਲੀਹਾਂ ‘ਤੇ ਲਿਆਉਣ ਲਈ ਜਲੰਧਰ ਵਿੱਚ ਕਈ ਵਿਸ਼ੇਸ਼ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ । ਉਨਾਂ ਕਿਹਾ ਕਿ ਬਹੁਤ ਜਲਦ ਹੀ ਇਹ ਸਭ ਨੂੰ ਜ਼ਾਹਿਰ ਵੀ ਹੋ ਜਾਵੇਗਾ ਕਿ ਸਰਕਾਰ ਜਲੰਧਰ ਸ਼ਹਿਰ ਲਈ ਵੱਡੇ ਪ੍ਰੋਜੈਕਟ ਸੁਰੂ ਕਰਨ ਲਈ ਪੂਰੀ ਤਰਾਂ ਤਿਆਰ ਹੈ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਦੇ ਸ਼ਹਿਰ ਪਹੁੰਚਣ ‘ਤੇ ਪੰਜਾਬ ਪੁਲਿਸ ਦੀ ਟੁਕੜੀ ਨੇ ਗਾਰਡ ਆਫ ਆਨਰ ਦਿੱਤਾ ਜਦਕਿ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੀ ਅਗਵਾਈ ਹੇਠ ਜ਼ਿਲਾ ਪ੍ਰਸ਼ਾਸਨ ਨੇ ਸਥਾਨਕ ਸਰਕਟ ਹਾਊਸ ਵਿਖੇ ਮੰਤਰੀ ਦਾ ਸਵਾਗਤ ਕੀਤਾ ।

ਇਸ ਮੌਕੇ ਬੋਲਦਿਆਂ ਮੈਂਬਰ ਪਾਰਲੀਮੈਂਟ ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਜਲੰਧਰ ਜ਼ਿਲੇ ਨੂੰ ਪੰਜਾਬ ਮੰਤਰੀ ਮੰਡਲ ਵਿੱਚ ਥਾਂ ਦਿੱਤੀ ਹੈ, ਜਿਸ ਨਾਲ ਇਸ ਸ਼ਹਿਰ ਦੇ ਵਿਕਾਸ ਨੂੰ ਹੋਰ ਹੁਲਾਰਾ ਮਿਲੇਗਾ। ਉਨਾਂ ਕੈਬਨਿਟ ਮੰਤਰੀ ਬਲਕਾਰ ਸਿੰਘ ਨੂੰ ਮੰਤਰੀ ਵਜੋਂ ਸ਼ਾਮਲ ਹੋਣ ’ਤੇ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਉਹ ਜਲੰਧਰ ਦੇ ਲੋਕਾਂ ਦੀਆਂ ਆਸਾਂ ’ਤੇ ਖਰੇ ਉਤਰਨਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਸਟੇਟ ਕੰਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ, ਜ਼ਿਲਾ ਯੋਜਨਾ ਬੋਰਡ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ, ‘ਆਪ’ ਆਗੂ ਸੁਰਿੰਦਰ ਸਿੰਘ ਸੋਢੀ, ਦਿਨੇਸ਼ ਢੱਲ, ਮਹਿੰਦਰ ਭਗਤ ਆਦਿ ਹਾਜ਼ਰ ਸਨ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE CANADA Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB

GURU NANAK NISHKAM SEWA CENTRE

NON-PROFIT ORGANIZATION

www.gurunanaknishkamsewa.org

12356 Mayfield and Bramalea Rd, Caledon

TAX & ACCOUNTING

TAX | HST REBATE | ADVISORY |

ACCOUNTING | INCORPORATION |

BUSINESS LOAN | PERSONAL TAX

Harcharan S. Grover

Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice

905.247.0193

info@grovercpa.ca

GroVerCPA Professional Corporation



214-7895 Tranmere Drive, Mississauga ON L5S 1V9

# ਕੈਸਲਮੋਰ ਸੀਨੀਅਰਜ਼ ਕਲੱਬ ਨੇ ਸਲਾਨਾ ਆਮ ਇਜਲਾਸ ਵਿੱਚ ਪਿਛਲੇ ਸਾਲ ਦਾ ਲੇਖਾ ਜੋਖਾ ਕੀਤਾ





(ਬਰੈਂਪਟਨ /ਬਾਸੀ ਹਰਚੰਦ ) ਇੱਕੀ ਮਈ ਦਿਨ ਐਤਵਾਰ ਨੂੰ ਕੈਸਲਮੋਰ ਸੀਨੀਅਰਜ਼ ਕਲੱਬ ਨੇ ਪਿਛਲੇ ਸਾਲ ਦੇ ਅਮਦਨ/ਖਰਚ ਅਤੇ ਸਰਗਰਮੀਆਂ ਦਾ ਲੇਖਾ ਕਰਨ ਲਈ ਗੋਰ ਮੀਡੋ ਕਮਿਉਨਿਟੀ ਸੈਂਟਰ ਵਿਖੈ ਆਮ ਇਜਲਾਸ ਕੀਤਾ। ਭਰਵੀਂ ਹਾਜ਼ਰੀ ਵਿੱਚ ਕਲੱਬ ਦੇ ਸਕੱਤਰ ਕਸ਼ਮੀਰਾ ਸਿੰਘ ਦਿਉਲ ਨੇ ਮੈਂਬਰਾਂ ਸਨਮੁੱਖ ਪਿਛਲੇ ਸਾਲ ਦੀ ਆਮਦਨ ਖਰਚ ਦੀ ਰੀਪੋਰਟ ਪੇਸ਼ ਕੀਤੀ ਜੋ ਸਰਵ ਸੰਮਤੀ ਨਾਲ ਮੈਂਬਰਾਂ ਵੱਲੋਂ ਪਾਸ ਕੀਤੀ ਗਈ। ਇਸ ਤੋਂ ਪਿੱਛੋਂ ਸਕੱਤਰ ਸਾਹਿਬ ਨੇ ਸਾਲ 2022-2023 ਵਿੱਚ ਕਲੱਬ ਵੱਲੋਂ ਆਪਣੇ ਮੈਂਬਰਾਂ ਲਈ ਟੂਰ ਪ੍ਰੋਗਰਾਮ ਅਤੇ ਮਨੋਰੰਜਨ ਲਈ ਕੀਤੀਆਂ ਸਰਗਰਮੀਆਂ ਬਾਰੇ ਰੀਪੋਰਟ ਪੇਸ਼ ਕੀਤੀ ਜਿਸ ਤੇ ਮੈਂਬਰਾਂ ਨੇ ਪੂਰਨ ਤਸੱਲੀ ਅਤੇ ਸਹਿਮਤੀ ਦਿਤੀ ਦੋਵੇ ਰੀਪੋਰਟਾਂ ਤਾੜੀਆਂ ਦੀ ਗੂੰਜ ਵਿੱਚ ਪਾਸ ਕਰ ਦਿਤੀਆਂ ਗਈਆਂ। ਕਲੱਬ ਦੇ ਪ੍ਰਧਾਂਨ ਅਤੇ ਗੁਰਮੇਲ ਸਿੰਘ ਸੱਗੂ ਅਤੇ ਸਕੱਤਰ ਕਸ਼ਮੀਰਾ ਸਿੰਘ ਦਿਉਲ ਦੀ ਸੁਚੱਜੀ ਅਗਵਾਈ ਲਈ ਧੰਨਵਾਦ ਕੀਤਾ ਅਤੇ ਅੱਗੋਂ ਲਈ ਮੈਂਬਰਾਂ ਵੱਲੋਂ ਕਲੱਬ ਦੀ ਬਿਹਤਰੀ ਲਈ ਹਰ ਕਿਸਮ ਦਾ ਸਹਿਯੋਗ ਕਰਨ ਦਾ ਯਕੀਨ ਦੁਆਇਆ। ਬਹੁਤ ਸਾਰੇ ਮੈਂਬਰਾਂ ਨੇ ਮੌਕੇ ਤੇ ਹੀ ਵੀਹ ਡਾਲਰ ਦੇ ਕੇ ਮੈਂਬਰਸਿਪ ਨਵਿਆਈ। ਬਾਕੀਆਂ ਨੇ ਜਲਦੀ ਨਵਿਆਉਣ ਦਾ ਭਰੋਸਾ ਦਿਤਾ।

ਸਾਲ 2023-2024 ਵਿੱਚ ਹੋਣ ਵਾਲੇ ਟੂਰ ਪ੍ਰੋਗਰਾਮ ਬਾਰੇ ਬੋਲਦਿਆਂ ਸਕੱਤਰ ਨੇ ਵਿਚਾਰ ਸਾਂਝੇ ਕੀਤੇ ਕਿ ਬਸਾਂ ਦੇ ਕਿਰਾਏ ਖਾਣ ਪੀਣ ਦਾ ਮਹਿੰਗੇ ਹੋਣਾ ਅਤੇ ਟੂਰ ਜਗਾਹ ਦੀਆਂ ਟਿਕਟਾਂ ਵਿੱਚ ਵਾਧੇ ਕਾਰਨ ਹੁਣ ਮੈਂਬਰਾਂ ਨੂੰ ਕੁੱਝ ਵਧੇਰੇ ਜੇਬ ਢਿਲੀ ਕਰਨੀ ਪੈਣੀ ਹੈ। ਜਿੰਦਗੀ ਦੇ ਮਨੋਰੰਜਨ ਲਈ ਪੈਸੇ ਕੋਈ ਮਾਅਨੇ ਨਹੀਂ ਰੱਖਦੇ ਬਸ ਦਿਲ ਦਾ ਧੀਰਜ ਰਖਣਾ ਹੁੰਦਾ ਹੈ। ਉਹਨਾਂ ਕਿਹਾ ਕਿ ਹਰ ਪ੍ਰੋਗਰਾਮ ਤੁਹਾਡੀ ਰਾਏ ਨਾਲ ਹੀ ਉਲੀਕਾਂਗੇ। ਪਹਿਲਾ ਟੂਰ ਬੀਬੀਆਂ ਲਈ ਹੋਵੇਗਾ ਇਸ ਤੋਂ ਬਾਅਦ ਜਿਵੇਂ ਵੀ ਹੋਇਆ ਮੈਂਬਰਾਂ ਨੂੰ ਜਾਣਕਾਰੀ ਦਿਤੀ ਜਾਏਗੀ। ਸਕੱਤਰ ਕਸ਼ਮੀਰਾ ਸਿੰਘ ਦਿਉਲ ਹਰਚੰਦ ਸਿੰਘ ਬਾਸੀ ਅਤੇ ਪ੍ਰੋ ਜਗੀਰ ਸਿੰਘ ਕਾਹਲੋਂ ਵੱਲੋਂ ਸਾਂਝਾ ਮਤਾ ਪੇਸ਼ ਕੀਤਾ ਗਿਆ "ਭਾਰਤੀ ਪਹਿਲਵਾਨ ਬੱਚੀਆਂ ਵੱਲੋਂ ਕੁਸਤੀ ਸੰਘ ਦੇ ਪਰਧਾਨ ਅਤੇ ਮੋਦੀ ਸਰਕਾਰ ਦੇ ਮੰਤਰੀ ਬ੍ਰਿਜ ਭੂਸ਼ਨ ਤੇ ਬੱਚੀਆਂ ਨਾਲ ਯੋਨ ਸੋਸ਼ਨ ਦੇ ਲਗਾਏ ਗੰਭੀਰ ਦੋਸਾਂ ਲਈ ਕੀਤੀ ਸਿਕਾਇਤ ਬਾਰੇ ਉਸ ਤੇ ਐਫ ਆਈ ਆਰ ਦਰਜ ਕੀਤੀ ਗਈ ਹੈ ਪਰ ਮੋਦੀ ਸਰਕਾਰ ਮੰਤਰੀ ਦੀ ਹਮਾਇਤ ਕਰ ਰਹੀ ਹੈ ਉਸ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਨਹੀ ਚਲਾਇਆ ਜਾ ਰਿਹਾ। ਇਸ ਲਈ ਲੱਗ ਪੱਗ ਇੱਕ ਮਹੀਨੇ ਤੋਂ ਪਹਿਲਵਾਨ ਬੱਚੀਆਂ , ਖੇਡ ਜਥੇਬੰਦੀਆਂ ਅਤੇ ਸਮਾਜਿਕ ਜਥੇਬੰਦੀਆਂ ਸੰਘਰਸ਼ ਦੇ ਰਾਹ ਜੰਤਰ ਮੰਤਰ ਦਿਲੀ ਬੈਠੀਆਂ ਹਨ ਪਰ ਮੋਦੀ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕਦੀ। ਅੱਜ ਦਾ ਇਕੱਠ ਮੰਗ ਕਰਦਾ ਹੈ ਕਿ ਭਾਰਤੀ ਕੁਸ਼ਤੀ ਸੰਘ ਦੇ ਪ੍ਰਧਾਂਨ ਬ੍ਰਿਜ ਭੂਸ਼ਨ ਨੂੰ ਗਰਿਫਤਾਰ ਕਰਕੇ ਮੁਕੱਦਮਾ ਚਲਾਇਆ ਜਾਏ ਅਤੇ ਬਣਦੀ ਸਜਾ ਦਿਤੀ ਜਾਏ। ਪਹਿਲਵਾਨ ਬੱਚਿਆਂ ਦੀ ਹਮਾਇਤ ਵਿੱਚ ਇਹ ਮਤਾ ਸਰਵ ਸੰਤੀ ਨਾਲ ਪਾਸ ਕਰ ਦਿਤਾ ਗਿਆ।

ਸੈਸ਼ਨ ਦੇ ਦੂਜੇ ਹਿੱਸੇ ਵਿੱਚ ਗੀਤ ਸੰਗੀਤ ਦਾ ਪ੍ਰੋਗਰਾਮ ਵਧੀਆ ਚੱਲਿਆ ਬੀਬੀ ਨਾਜ਼ ਨੇ ਹਿੰਦੀ ਗੀਤ ਬੜੀ ਰਸੀਲੀ ਅਵਾਜ਼ ਵਿੱਚ ਗਾਏ। ਬੀਬੀ ਸਤਵਿੰਦਰ ਕੌਰ ਸੱਗੂ ਨੇ ਤਿੰਨ ਚਾਰ ਵਧੀਆ ਗੀਤ ਗਾਏ। ਗੁਰਦੇਵ ਸਿੰਘ ਰੱਖੜਾ ਨੋਕ ਝੋਕ ਕਵਿਤਾ ਸੁਣਾਈ। ਮਨਜੀਤ ਕੌਰ ਨੇ ਕਾਲੀ ਤੇਰੀ ਗੁੱਤ ਤੇ ਪਰਾਂਦਾ ਤਰਾ ਲਾਲ ਕੂਬ ਸੂਰਤ ਗੀਤ ਗਾਇਆ। ਪ੍ਰੋ:ਜਗੀਰ ਸਿੰਘ ਕਾਹਲੋਂ, ਹਰਚੰਦ ਸਿੰਘ ਬਾਸੀ, ਰਜਿੰਦਰ ਸਿੰਘ ਜੰਡਾ ਨੇ ਸਭਾ ਨੂੰ ਅਡਰੈਸ ਕੀਤਾ ।

ਸਭਾ ਦੇ ਮੈਂਬਰ ਪਨੇਸਰ ਸਾਹਿਬ ਨੇ ਡੀ ਜੇ ਦੀ ਸੇਵਾ ਨਿਭਾਈ ਤੇ ਗੀਤਾਂ ਗਾਏ

ਬਰੈਂਪਟਨ ਸਿਟੀ ਤੋਂ ਰਿਜਨਲ ਕੌਂਸਲਰ ਗੁਰਪਰਤਾਪ ਸਿੰਘ ਤੂਰ ਅਤੇ ਹਰਕੀਰਤ ਸਿੰਘ ਡਿਪਟੀ ਮੇਅਰ ਨੇ ਹਾਜਰੀ ਲੁਆਈ ਉਹਨਾਂ ਦੱਸਿਆ ਦੀਵਾਲੀ ਜਾ ਹੋ ਖੁਸੀਆਂ ਦੇ ਮੌਕੇ ਪਟਾਕਿਆਂ ਨਾਲ ਹੁੰਦੇ ਅੱਗ ਲੱਗਣ ਦੇ ਖਤਰੇ, ਬੀਮਾਰ ਲੋਗਾਂ ਨੂੰ ਬੇ ਚੈਨੀ,ਹੋਰ ਕਮਿਉਨਿਟਿਆਂ ਨੂੰ ਬੇ ਚੈਨੀ ਬਾਰੇ ਬਹੁਤ ਸਾਰੇ ਮਸਲੇ ਸਮਾਜਿਕ ਜਥੇਬੰਦਿਆਂ ਵੱਲੋਂ ਸਿਟੀ ਕੌਂਸਲ ਕੋਲ ਉਠਾਏ ਗਏ ਸਨ। ਸਿਟੀ ਕੌਂਸਲ ਨੇ ਸਰਵਸੰਮਤੀ ਨਾਲ ਇਹਨਾ ਮੌਕਿਆਂ ਤੇ ਪਟਾਕੇ ਚਲਉਣ ਤੇ ਪਾਬੰਦੀ ਲਗਾ ਦਿਤੀ ਹੈ ਹੁਣ ਸਿਟੀ ਕੁੱਝ ਚੋਣਵਿਆਂ ਥਾਂਵਾਂ ਤੇ ਆਪ ਪਰਬੰਧ ਕਰੇਗੀ। ਲੋਕਾਂ ਤੋਂ ਸਾਂਝੀ ਸਮੱਸਿਆ ਲਈ ਸਹਿਯੋਗ ਦੀ ਮੰਗ ਕੀਤੀ। ਲੋਕਾਂ ਦੇ ਕੁੱਝ ਹੋਰ ਮਸਲੇ ਸਾਂਝੇ ਕੀਤੇ। ਗੁਰਮੇਲ ਸਿੰਘ ਸੱਗੂ ਕਲੱਬ ਦੇ ਪਰਧਾਨ ਭਾਰਤੀ ਹਵਾਈ ਸੈਨਾ ਦੇ ਅਫੀਸਰ ਅਤੇ ਦਇਆ ਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਚੀਫ ਮਨੇਜਰ ਵਜੋਂ ਸੇਵਾ ਨਿਭਾ ਚੁਕੇ ਹਨ, ਨੇ ਸੱਭ ਮੈਂਬਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਹੋਰ ਜਾਣ ਕਾਰੀ ਲੀ ਫੋਨ ਨੰਬਰ ਗੁਰਮੇਲ ਸਿੰਘ ਸੱਗੂ 416-648-6706 ਕਸ਼ਮੀਰਾ ਸਿੰਘ ਦਿਉਲ 416-262-3114

# ਐਡਮਿੰਟਨ ਦਾ ਸਭ ਤੋਂ ਪਹਿਲਾ ਗੁਰਦੁਆਰਾ, ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ਼ ਅਲਬਰਟਾ, ਐਡਮਿੰਟਨ, ਕੈਨੇਡਾ















ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ਼ ਅਲਬਰਟਾ, ਐਡਮਿੰਟਨ, ਕਨੇਡਾ ਲਗਭਗ 1980 ਨੂੰ ਹੋਂਦ ਵਿਚ ਆਇਆ ।ਐਡਮਿੰਟਨ ਵਿਚ ਇਹ ਸਭ ਤੋਂ ਪਹਿਲਾ ਬਣਿਆ ਗੁਰ-ਦੁਆਰਾ ਹੈ . ਇਹ ਨਾਰਥ ਵੈਸਟ, ਸੇਂਟ ਅਲਬਰਟ ਟਰੇਲ ਵਿਖੇ ਸਥਿਤ ਹੈ .ਵਿਦੇਸ਼ਾਂ ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ਾਂ, ਉਪਦੇਸ਼ਾਂ, ਬਾਣੀ, ਭੌਤਿਕਵਾਦੀ ਸਮਾਜ ਸੰਪਰਕਾਂ ਨੂੰ ਮਜ਼ਬੂਤ ਕਰਨਾ, ਪੰਜਾਬੀ ਸਭਿਆਚਾਰ ਅਤੇ ਵਿਰਾਸਤ ਨੂੰ ਸ਼ਾਨਦਾਰ ਢੰਗ ਨਾਲ ਮਲਮਲੀ ਕੋਮਲਤਾ, ਭਾਵੁਕਤਾ, ਮਨੁੱਖ ਵਿਚ ਸੰਵੇਦਨ ਦੀ ਤਰਲਤਾ ਅਤੇ ਸੰਵੇਦਨਸ਼ੀਲਤਾ ਦੀ ਰਾਗਾਤਮਿਕਤਾ ਦੀ ਖੁਸ਼ਬੂ ਬਿਖੇਰਦੇ ਹੋਏ ਸਿੱਖ ਭਾਈਚਾਰਾ ਸਮਾਜ ਜੀਵਨ ਦੀ ਕਾਂਤੀ ਅਤੇ ਪ੍ਰਸੰਨਤਾ ਵੰਡ ਰਹੇ ਹਨ . ਵਿਦੇਸ਼ਾਂ ਵਿਚ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਫੁਲਤ ਕਰਕੇ ਖੂਬਸੂਰਤ ਮਾਨਵਤਾਵਾਦੀ ਕੀਰਤੀਮਾਨ ਸਥਾਪਿਤ ਕੀਤੇ ਹੋਏ ਹਨ .ਅਗਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਅਸਲੀ ਰੂਪ ਵੇਖਣਾ ਹੋਵੇ ਤਾਂ ਗੁਰਦੁਆਰਾ ਸਾਹਿਬ ਚਲੇ ਜਾਉ . ਇਸ ਦੀ ਪ੍ਰਾਚੀਨਤਾ ਅਤੇ ਨਵੀਨਤਾ ਦੀ ਝਲਕ ਮਹਿਸੂਸ ਕਰ ਲਵੋਂਗੇ . ਆਪਣੇ ਆਪ ਨੂੰ ਮੋਹ ਦੇ ਨਿੱਘ ਵਿਚ ਪਿਰੋ ਕੇ, ਇੰਨਸਾਨੀ ਕਦਰਾਂ ਕੀਮਤਾਂ ਵਿਚ ਰਹਿ ਕੇ ਅਧਿਆਤਮਿਕਤਾ ਦੇ ਪਰਾਏਵਾਚੀ ਹੋ ਜਾਉਗੇ . ਇੱਥੇ ਅਧਿਆਤਮਿਕ ਸਕੂਨ, ਗੁਰਬਾਣੀ ਦੀ ਮਰਿਆਦਾ ਦੇ ਸਾਕਾਰਤਮਿਕ ਚਿੰਨ੍ਹ ਧੁਰ ਅੰਦਰ ਤੱਕ ਆਤਮਤੁਸ਼ਟੀ ਦਾ ਸਬੂਤ ਦਿੰਦੇ ਹਨ . ਸਰਬ ਸਾਂਝੀ ਵਾਲਤਾ ਅਥੇ ਇਨਸਾਨੀ ਕਦਰਾਂ ਕੀਮਤਾਂ ਦੀ ਰੰਗਤ ਆਪ ਮੁਹਾਰੇ ਹੀ ਹਿਰਦੇ ਵਿਚ ਸਮੋ ਜਾਂਦੀ ਹੈ . ਨਿਮ-ਰਤਾ ਅਤੇ ਸੇਵਾ ਪੰਚ ਦੀ ਪਰਿਭਾਸ਼ਾ ਵੇਖਣ ਨੂੰ ਮਿਲ ਜਾਂਦੀ ਹੈ, ਜਿੱਥੇ ਸਮਤਾ, ਭਗਤੀ, ਸ਼ਕਤੀ ਸੰਜਮ, ਸਾਂਝੀਵਾਲਤਾ, ਅਨੁਸ਼ਾਸਨ, ਕਰਮਠ ਨਿਸ਼ਠਾ, ਇਕਜੁਟਤਾ, ਦਯਾ ਸੰਤੋਖ, ਸਬਰ, ਕੁਰਬਾਨੀ, ਨਿਸ-ਸਵਾਰਥ ਸੇਵਾ, ਵੰਡ ਛਕਣਾ, ਦਸਵੰਦ, ਨਿਤਨੇਮ, ਕਿਰਤ, ਸਰਬਤ ਦਾ ਭਲਾ, ਬੇਆਸਰਿਆਂ ਨੂੰ ਆਸਰਾ, ਦਸਤਾਰ, ਪੰਜਕਰਾਰ, ਅਮ੍ਰਿ ਬਾਂਟੇ ਦਾ ਸੰਦੇਸ਼, ਕੇਸਰੀ ਨਿਸ਼ਾਨ ਦੀ ਮਹਤੱਤਾ, ਨੌਛਾਵਰ ਭਾਵਨਾ, ਹੁਕਮ ਰਜਾਈ ਚਲਣਾ, ਲੰਗਰ ਪ੍ਰਥਾ ਆਦਿ ਸਿੱਖੀ ਚਿੰਨ੍ਹ ਵੇਖਣ ਨੂੰ ਮਿਲਦੇ ਹਨ ਅਤੇ ੧ੳ ਦੇ ਖੋਜੀ ਬਾਬਾ ਨਾਨਕ ਦਾ ਸੰਦੇਸ਼ .ਗੁਰੂ ਨਾਨਕ ਦੇਵ ਜੀ ਦੇ ਧਰਮ ਸਥਾਨ ਨਾਲ ਸੰਬਧਿਤ, ਜਿਸ ਵੀ ਧਰਮਧਾਮ ਜਾਂ ਸਰਬਸਾਂਝੇ ਸਥਾਨ ਵਿਚ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਉਸ ਨੂੰ ਸਿੱਖ ਪਰੰਪਰਾ ਸ਼ਬਦਾਵਲੀ ਵਿਚ ਗੁਰਦੁਆਰਾ ਸਾਹਿਬ ਕਿਹਾ ਜਾਂਦਾ ਹੈ . ਇਸ ਦਾ ਸ਼ਾਬਦਿਕ ਅਰਥ ਹੈ-ਗੁਰੂ ਦਾ ਘਰ, ਗੁਰੂ ਦਾ ਦੁਆਰਾ, ਸੱਚ ਖੰਡ, ਹਰ ਗੁਰਦੁਆਰੇ ਵਿਚ ਇਕ ਉੱਚਾ ਕੇਸਰੀ ਪਰਚਮ ਜਰੂਰ ਹੁੰਦਾ ਹੈ, ਜਿਸ ਨੂੰ ਨਿਸ਼ਾਨ ਸਾਹਿਬ ਕਹਿੰਦੇ ਹਨ .ਜਿਨ੍ਹਾਂ ਸਥਾਨਾਂ ਉਪੱਰ ਛੇਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਾਹਿਬ ਨੇ ਯਾਤਰਾ ਕੀਤੀ, ਉੱਥੇ ਮੌਜੂਦਾ ਗੁਰਦੁਆਰਿਆਂ ਵਿਚ ਦੋ ਨਿਸ਼ਾਨ ਸਾਹਿਬ ਵੀ ਲੱਗੇ ਹੁੰਦੇ ਹਨ, ਮੀਰੀ ਅਤੇ ਪੀਰੀ ਦੀ ਨਿਸ਼ਾਨੀ ਹਨ . ਸ੍ਰੀ ਗੁਰੂ ਨਾਨਕ ਸਿੱਖ ਗੁਰਦੁਆਰਾ ਆਫ਼ ਅਲਬਰਟਾ, ਐਡਮਿੰਟਨ, ਕਨੇਡਾ, ਪ੍ਰਾਚੀਨਤਾ ਤੋਂ ਵਰਤਮਾਨ ਸਾਕਾਰ-ਾਤਮਿਕ ਸ਼ਿਲਪਕਾਰੀ ਦੀ ਨਵੀਨਤਾ ਨੂੰ ਅਪਣਾ ਰਿਹਾ ਹੈ . ਇਸ ਸਥਾਨ ਦੇ ਸੇਵਕ (ਅਨੁਯਾਈ) ਸ. ਅਵਤਾਰ ਸਿੰਘ ਗਿੱਲ ਨੇ ਦੱਸਿਆ ਕਿ ਇੱਥੇ ਪ੍ਰਾਚੀਨ ਅਤੇ ਆਧੁਨਿਕ ਸਹੂਲਤਾਂ ਗਹਿਰੀ ਪ੍ਰਤੀਤੀ, ਆਤਮ ਪ੍ਰਸੰਨਤਾ, ਪ੍ਰੇਮ ਅਤੇ ਸਮਤਾ ਭਾਵਨਾ ਨਾਲ ਮੁਹੱਈਆ ਕੀਤੀਆਂ ਜਾਂਦੀਆਂ ਹਨ . ਪ੍ਰਾਚੀਨ ਸਰਲਤਾ ਅਤੇ ਆਧੁਨਿਕ ਦ੍ਰਿਸ਼ ਸੁੰਦਰਤਾ ਵਿਚ ਨਿਸ਼ਠਾ ਦੀ ਪ੍ਰਤਿਸ਼ਠਾ ਗਹਿਰੀਅਰਥਾਂ ਨਾਲ ਸੰਪੂਰਨ ਹੈ . ਇਹ ਪਵਿੱਤਰ ਸਥਾਨ ਲਗਭਗ ਦੋ ਏਕੜ ਵਿਚ ਸੁਸ਼ੋਭਿਤ ਹੈ . ਲੰਗਰ ਹਾਲ ਲਗਭਗ 7200 ਸਕੇਅਰ ਫੁੱਟ ਹੋਵੇਗਾ . ਜਿਸ ਨੂੰ ਵਰਤਮਾਨ ਹਾਲਾਤਾਂ ਵਿਚ ਆਧੁਨਿਕ ਢੰਗ ਅਵਸਥਾ ਵਿਚ ਬਦਲਿਆ ਗਿਆ ਹੈ ਅਤੇ ਪੁਰਾਣੀ ਇਮਾਰਤ ਦੇ ਕੁਝ ਹਿਸੇ ਨੂੰ ਦੁਬਾਰਾ ਸੁੰਦਰੀਕਰਣ ਵਿਚ ਪਿਰੋਕੇ ਪੁਨਰ ਸੰਗਠਨ ਕੀਤਾ ਗਿਆ ਹੈ . ਪ੍ਰਾਚੀਨ ਇਮਾਰਤ ਦਾ ਘੇਰਾ ਘੱਟ ਹੋਣ ਕਰਕੇ ਇਸ ਨੂੰ ਹੋਰ ਵਧਾ ਕੇ ਆਧੁਨਿਕ ਸੁਵਿਧਾ ਪੂਰਵਕ ਸ਼ੈਲੀ ਵਿਚ ਸਿਰਜਨ ਕੀਤਾ ਗਿਆ ਹੈ . ਬਾਹਰੀ ਦਿੱਖ ਨੂੰ ਹੋਰ ਸੁੰਦਰੀਕਰਣ ਅਤੇ ਮਰਮ ਸਪਰਸ਼ੀ ਬਣਾਉਣ ਲਈ ਵੱਡੇ ਆਕਾਰ ਦੇ ਕੰਧ ਨੁਮਾਂ ਸ਼ੀਸ਼ਿਆਂ ਨਾਲ ਤਿਆਰ ਕੀਤਾ ਜਾ ਰਿਹਾ ਹੈ . ਜਿੱਥੇ ਸਿੱਖ ਮਰਿਆਦਾ ਅਨੁਸਾਰ ਹਰ ਤਰ੍ਹਾਂ ਦੇ ਸਮਾਗਮ ਕਰਵਾਏ ਜਾ ਸਕਦੇ ਹਨ . ਵਿਆਹ-ਸ਼ਾਦੀਆਂ ਲਈ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਕਿਸੇ ਵੀ ਰਸਮ ਰੀਤੀ ਰਿਵਾਜ਼ ਜਾਂ ਸਮਾਗਮ ਲਈ ਕੋਈ ਪੈਸਾ ਨਹੀਂ ਲਿਆ ਜਾਂਦਾ . ਘਰਾਂ ਵਿਚ ਕੋਈ ਵੀ ਧਾਰਮਿਕ ਕਾਰਜ ਕਰਵਾਉਣਾ ਹੋਵੇ ਉਸ ਦਾ ਪ੍ਰਬੰਧਕੀ ਖਰਚਾ ਨਹੀਂ ਲਿਆ ਜਾਂਦਾ . ਮਹਾਰਾਜ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸਵਾਰੀ ਦੇ ਆਉਦ ਜਾਣ ਲਈ ਵਰਤੀ ਜਾਣ ਵਾਲੀ ਪ੍ਰਬੰਧਕੀ ਕਾਰ ਦਾ ਵੀ ਕੋਈ ਖਰਚਾ ਨਹੀਂ ਲਿਆ ਜਾਂਦਾ . ਪਾਠੀ ਸਿੰਘਾਂ ਅਤੇ ਹੋਰ ਜ਼ਰੂਰੀ ਸਿੰਘਾਂ ਲਈ ਆਧੁਨਿਕ ਕਮਰੇ, ਸਹੂਲਤਾਂ ਅਤੇ ਸੁਵਿਧਾ ਜਨ ਕਮਰੇ ਹਨ . ਇਥੇ ਹੀ ਪੰਜਾਬੀ ਅਤੇ ਕੀਰਤਨ ਦੀ ਸਿੱਖਿਆ ਲਈ ਖ਼ਾਲਸਾ ਸਕੂਲ ਵੀ ਹੈ . ਜਿਥੇ ਬੱਚਿਆਂ ਨੂੰ ਜਾਂ ਹੋਰ ਵੀ ਉਮਰ ਦਾ ਵਿਅਕਤੀ ਸਿਖਿਆ ਲੈ ਸਕਦਾ ਹੈ . ਵਧੀਆ ਕਮਰੇ ਅਤੇ ਸੁਵਿਧਾਜਨਕ ਵਾਤਾਵਰਣ ਦੀ ਹੋਂਦ ਹੈ . ਕੀਰਤਨ ਦਰਬਾਰ, ਕਥਾ ਵਿਚਾਰ ਪ੍ਰਵਚਨ ਹੁੰਦੇ ਹਨ . ਪੰਜਾਬੀ ਸਿੱਖਣ ਦਾ ਸਮਾਂ ਐਤਵਾਰ ਸਾਢੇ ਦਸ ਤੋਂ 12 ਵਜੇ (ਦਿਨੇਂ) ਹੈ . ਲਗਭਗ ਸੌ ਦੇ ਕਰੀਬ ਸਿਖਿਆਰਥੀ ਆਉਂਦੇ ਹਨ . ਵਿਸ਼ੇਸ ਵੇਖਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਸਿੱਖਣ ਲਈ ਇਕ ਕਨੇਡੀਅਨ ਲੜਕੀ ਵੀ ਆਉਂਦੀ ਹੈ . ਸਭ ਧਰਮਾਂ ਦੇ ਲੋਕ ਇੱਥੋਂ ਦੀਆਂ ਸਹੂਲਤਾਂ ਲੈ ਸਕਦੇ ਹਨ . ਗੁਰਮਤ ਕੈਂਪ ਸਾਲ ਵਿਚ ਦੋ ਵਾਰ ਲਗਾਏ ਜਾਂਦੇ ਹਨ . ਵੈਨਕੂਵਰ ਤੋਂ ਵਿਸ਼ੇਸ਼ ਤੌਰ 'ਤੇ ਵਿਦਵਾਨ ਆਉਂਦੇ ਹਨ . ਸੁਖਮਨੀ ਸਾਹਿਬ ਅਤੇ ਅਖੰਡ ਪਾਠਾਂ ਆਦਿ ਦੀਆਂ ਸਹੂਲਤਾਂ ਮੁਫ਼ਤ ਹਨ . ਬੁੱਧਵਾਰ ਸੁਖਮਣੀ ਸਾਹਿਬ, ਸ਼ਨੀਵਾਰ ਵਾਹਿਗੁਰੂ ਦਾ ਜਾਪ ਅਤੇ ਐਤਵਾਰ ਕੀਰਤਨ, ਛੇ ਤੋਂਨੌ ਵਜੇ ਤੱਕ . ਰਸੋਈ ਘਰ ਵਿਚ ਸਾਰੀਆਂ ਸਹੂਲਤਾਂ ਆਧੁਨਿਕ ਸ਼ੈਲੀ ਵਿਚ ਓਤ ਪ੍ਰੋਤ ਹਨ . ਰਸੋਈ ਘਰ ਲਗਭਗ 1280 ਸਕੇਅਰ ਫੁੱਟ ਵਿਚ ਅਲੰਕ-ਾਰਿਤ ਹੈ, ਧੋਣ ਵਾਲੀਆਂ ਚੀਜ਼ਾਂ ਲਈ ਅਲੱਗ ਮਸ਼ੀਨਾਂ ਹਨ, ਵਰਤਨ ਵਾਲੀਆਂ ਚੀਜ਼ਾਂ ਲਈ ਵਖਰੇ ਮਸ਼ੀਨੀ ਪ੍ਰਬੰਧ ਹਨ . ਫਰਿਜ਼ਾਂ, ਲੌਂਡਰੀ (ਕੱਪੜੇ ਧੋਣ ਦੀਆਂ ਮਸ਼ੀਨਾਂ) ਅਲਗ-ਅਲਗ ਕਾਰਜ਼ਾਂ ਲਈ ਅਲੱਗ-ਅਲੱਗ ਹਨ . ਖ਼ਾਸ ਕਰਕੇ ਪਾਲਕੀ ਸਾਹਿਬ ਦੇ ਸਥਾਨ ਨਾਲ ਸਬੰਧਿਤ ਸਾਰੇ ਵਸਤਰਾਂ ਦੀ ਸਫਾਈ ਲਈ ਅਲੱਗ ਮਸ਼ੀਨਾਂ ਹਨ . ਲਿਫ਼ਟ (ਐਲੀਵੇਟਰ) ਦਾ ਪ੍ਰਬੰਧ ਹੈ . ਮੀਟਿੰਗ ਰੂਮ ਦੀ ਅਵਸਥਾ ਜ਼ਰੂਰਤ ਮੁਤਾਬਿਕ ਢੁਕਵਾ ਅਤੇ ਸਾਰਥਕ ਹੈ . ਇਸ ਗੁਰਦੁਆਰੇ ਸਾਹਿਬ ਦੇ ਪ੍ਰਧਾਨ ਭਾਈ ਸੰਤੋਖ ਸਿੰਘ ਉਪਲ, ਭਾਈ ਜਗਰੂਪ ਸਿੰਘ ਸੈਕਟਰੀ, ਭਾਈ ਮੁਕੰਦ ਸਿੰਘ ਬੈਂਸ, ਸਹਾਇਕ ਸੈਕਟਰੀ ਭਾਈ ਦਵਿੰਦਰ ਸਿੰਘ ਬੈਂਸ, ਖਜ਼ਾਨਚੀ ਭਾਈ ਜੁਝਾਰ ਸਿੰਘ, ਭਾਈ ਬਲਵੰਤ ਸਿੰਘ ਅਤੇ ਮੈਂਬਰ ਭਾਈ ਬਖ਼ਤਾਰ ਸਿੰਘ, ਭਾਈ ਅਵਤਾਰ ਸਿੰਘ ਗਿੱਲ ਹਨ . ਭਵਿੱਖ ਵਿਚ ਇਸ ਪ੍ਰਬੰਧਕ ਕਮੇਟੀ ਤੇ ਹੋਰ ਆਸਾਂ ਹਨ ਕਿ ਸਿੱਖੀ ਧਰਮ ਦੀਆਂ ਪਰੰਪਰਾਵਾਂ-ਸਭਿਆਚਾਰ, ਸਿੱਖਿਆਵਾਂ, ਉਪਦੇਸ਼ਾਂ ਨੂੰ , ਸਾਂਝੀਵਾਲਤਾ ਦੇ ਸੁਨੇਹੇ ਨੂੰ , ੧ੳ ਦੇ ਅੰਦੇਸ਼ ਨੂੰ , ਗੁਰਬਾਣੀ ਦੇ ਸੰਦੇਸ਼ਾਂ ਨੂੰ , ਪੰਜਾਬੀ ਅਤੇ ਪੰਜਾਬੀਅਤ ਨੂੰ ਪ੍ਰਫੁਲਤ ਕਰਨ ਵਿਚ ਵਡਮੁੱਲਾ ਯੋਗਦਾਨ ਪਾਉਂਦੇ ਰਹਿਣਗੇ .

ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ ਪੰਜਾਬ
ਐਡਮਿੰਟਨ ਕਨੇਡਾ ਵਟਸਐਪ
98156-25409







# ਸਾਹਮਣੇ ਆਣ ਡਿੱਗਦੀਆਂ ਤੇ ਪਤਾ ਨਹੀਂ ਕੀ-ਕੀ ਕੁਝ ਕਹੀ ਜਾਂਦੀਆਂ ਹਨ ਖਬਰਾਂ!



ਜਤਿੰਦਰ ਪਨੂੰ ਦੀ ਕਲਮ ਤੋਂ

ਲੰਮੇ ਸਮੇਂ ਤੋਂ ਲਗਾਤਾਰ ਬਿਨਾਂ ਨਾਗਾ ਖਬਰਾਂ ਨਾਲ ਵਾਸਤਾ ਰਹਿਣ ਕਰ ਕੇ ਅੱਜਕੱਲ੍ਹ ਹਰ ਸਵੇਰ ਨਹੀਂ, ਹਰ ਪਲ ਅਤੇ ਹਰ ਘੜੀ ਕਿਸੇ ਵੀ ਹੋਰ ਗੱਲ ਤੋਂ ਵੱਧ ਧਿਆਨ ਖਬਰਾਂ ਵੱਲ ਰੱਖਣ ਦੀ ਆਦਤ ਪੱਕ ਗਈ ਹੈ। ਖਬਰਾਂ ਦੀ ਦੁਨੀਆ ਪਹਿਲਾਂ ਵਾਲੀ ਨਹੀਂ ਰਹਿ ਗਈ, ਸੰਸਾਰ ਦੇ ਕਿਸੇ ਵੀ ਖੂੰਜੇ ਵਿੱਚ ਹੋਈ ਕਿਸੇ ਘਟਨਾ ਜਾਂ ਦੁਰਘਟਨਾ ਬਾਰੇ ਖਬਰ ਅਗਲੇ ਕੁਝ ਪਲਾਂ ਵਿੱਚ ਸਾਰੀ ਦੁਨੀਆ ਦੇ ਲੋਕਾਂ ਤੀਕ ਪਹੁੰਚ ਜਾਂਦੀ ਹੈ। ਬਹੁਤ ਸਾਰੇ ਲੋਕ ਸੁਣਦੇ ਅਤੇ ਨਾਲ ਹੀ ਭੁਲਾ ਦੇਣ ਦੀ ਆਦਤ ਵਾਲੇ ਹੁੰਦੇ ਹਨ ਅਤੇ ਇਸੇ ਕਰ ਕੇ ਦਿਮਾਗੀ ਖਿਚਾਅ ਤੋਂ ਬਚੇ ਰਹਿੰਦੇ ਹਨ, ਪਰ ਜਿਹੜੇ ਲੋਕ ਖਬਰਾਂ ਪਿੱਛੇ ਛੁਪੀ ਸੱਚਾਈ ਤੇ ਕਾਰਨਾਂ ਨੂੰ ਜਾਣਨ ਦੀ ਇੱਛਾ ਰੱਖਣ ਵਾਲੇ ਹਨ, ਉਹ ਹਰ ਖਬਰ ਦੇ ਬਾਅਦ ਕਈ ਦੇਰ ਤੱਕ ਉਸ ਖਬਰ ਦੇ ਚੰਗੇ ਜਾਂ ਮਾੜੇ ਪੱਖ ਦੇ ਅਸਰ ਹੇਠੋਂ ਨਹੀਂ ਨਿਕਲ ਸਕਦੇ। ਇਸ ਦੇ ਬਾਵਜੂਦ ਪੱਤਰਕਾਰੀ ਖੇਤਰ ਵਿੱਚ ਸਾਡੇ ਵਰਗੇ ਲੋਕਾਂ ਦੀ ਮਜਬੂਰੀ ਹੁੰਦੀ ਹੈ ਕਿ ਪਲ-ਪਲ ਦੀ ਖਬਰ ਰੱਖੀਏ ਤੇ ਫਿਰ ਇਸ ਦਾ ਤਨਾਅ ਵੀ ਭੁਗਤਦੇ ਰਹੀਏ।

ਪਾਠਕਾਂ ਲਈ ਆਪਣੀ ਹਫਤਵਾਰੀ ਲਿਖਤ ਵਾਸਤੇ ਇਸ ਵਾਰੀ ਅਸੀਂ ਜਦੋਂ ਕਲਮ ਚੁੱਕਣ ਲੱਗੇ ਤਾਂ ਸਾਹਮਣੇ ਪਏ ਅਖਬਾਰਾਂ ਦੀਆਂ ਖਬਰਾਂ ਫਿਰ ਘੇਰਾ ਪਾ ਕੇ ਇਹ ਕਹਿੰਦੀਆਂ ਜਾਪਣ ਲੱਗ ਪਈਆਂ ਕਿ ਉਨ੍ਹਾਂ ਵਿੱਚੋਂ ਕਿਹੜੀ ਛੱਡਣ ਵਾਲੀ ਹੈ ਤੇ ਕਿਹੜੀ ਰਹਿ ਗਈ ਤਾਂ ਬੇਇਨਸਾਫੀ ਹੋਵੇਗੀ! ਇਸ ਖਿੱਚੋਤਾਣ ਵਿੱਚ ਅਸੀਂ ਹੋਰ ਸਭ ਕੁਝ ਤੋਂ ਪਹਿਲਾਂ ਇਹ ਖਬਰ ਚੁੱਕੀ ਕਿ ਸਰਕਾਰਾਂ ਤੋਂ ਮਿਲੀਆਂ ਛੋਟਾਂ ਦੀਆਂ ਪੰਡਾਂ ਨਾਲ ਦਿਨ ਕੱਟਣ ਦੀ ਆਦਤ ਪਾਈ ਜਾਂਦੇ ਲੋਕਾਂ ਵਿੱਚ ਨਵਾਂ ਰੁਝਾਨ ਇਹ ਵਧਦਾ ਜਾਂਦਾ ਹੈ ਕਿ ਜਿਨ੍ਹਾਂ ਦੇ ਘਰਾਂ ਵਿੱਚ ਕਿਸੇ ਤਰ੍ਹਾਂ ਦੀ ਕਮੀ-ਕਮਜ਼ੋਰੀ ਨਹੀਂ, ਉਹ ਵੀ ਨਿਤਾਣੇ ਤੇ ਗਰੀਬ ਜਿਹੇ ਬਣ ਕੇ ਇਨ੍ਹਾਂ ਛੋਟਾਂ ਦਾ ਨਾਜਾਇਜ਼ ਲਾਭ ਲਈ ਜਾਂਦੇ ਹਨ। ਇਸੇ ਦੀ ਇੱਕ ਮਿਸਾਲ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਪਿੱਛੋਂ ਨਵੀਂ ਸਰਕਾਰ ਨੇ ਜਾਂਚ ਕਰਵਾਈ ਤਾਂ ਭੇਦ ਖੁੱਲ੍ਹਾ ਕਿ ਪੰਜਾਬ ਵਿੱਚ-ਸਸਤੇ ਰਾਸ਼ਨ ਦੇ ਚਾਲੀ ਲੱਖ ਅਠਾਹਠ ਹਜ਼ਾਰ ਕਾਰਡਾਂ ਵਿੱਚੋਂ ਤਿੰਨ ਲੱਖ ਤੀਹ ਹਜ਼ਾਰ ਤੋਂ ਵੱਧ ਨਾਜਾਇਜ਼ ਬਣਾਏ ਗਏ ਸਨ। ਭਾਰਤ ਸਰਕਾਰ ਸਪੱਸ਼ਟ ਕਹਿ ਚੁੱਕੀ ਸੀ ਕਿ ਜਾਅਲੀ ਕਾਰਡਾਂ ਲਈ ਰਾਸ਼ਨ ਨਹੀਂ ਦੇਣਾ ਅਤੇ ਇਸ ਫੈਸਲੇ ਪਿੱਛੋਂ ਰਾਜ ਸਰਕਾਰ ਦੇ ਨਹੀਂ ਸਕਦੀ। ਪਿਛਲੇ ਸਾਲ ਹੁਸ਼ਿਆਰਪੁਰ ਵਿੱਚ ਲਗਜ਼ਰੀ ਕਾਰ ਉੱਤੇ ਇੱਕ ਬੰਦਾ ਸਸਤੇ ਭਾਅ ਦਾ ਰਾਸ਼ਨ ਲੈਣ ਲਈ ਡੀਪੂ ਵਾਲੇ ਕੋਲ ਆਇਆ ਤਾਂ ਉਹ ਫੋਟੋ ਅਖਬਾਰਾਂ ਵਿੱਚਵੀ ਆਈਅਤੇਟੀ ਵੀ ਚੈਨਲਾਂ ਉੱਤੇ ਲੋਕਾਂ ਨੇ ਵੇਖੀ ਸੀ। ਇਸ ਮਈ ਵਿੱਚ ਇੱਕ ਦਿਨ ਖਬਰ ਆਈ ਕਿ ਸੈਂਕੜਿਆਂ ਦੀ ਗਿਣਤੀ ਵਿੱਚ ਮਰ ਚੁੱਕੇ ਲੋਕਾਂ ਦਾ ਰਾਸ਼ਨ ਪੰਜਾਬ ਵਿੱਚ ਜਾਰੀ ਹੋ ਰਿਹਾ ਹੈ ਅਤੇ ਏਥੇ ਮ੍ਰਿਤਕਾਂ ਦੀ ਪੈਨਸ਼ਨ ਵੀ ਲਗਾਤਾਰ ਚੱਲਦੀ ਹੈ। ਮੁਕਤਸਰ ਜ਼ਿਲੇ ਵਿੱਚ ਪੈਨਸ਼ਨ ਲੈਣ ਆਈ ਔਰਤ ਉੱਤੇ ਇੱਕ ਬੈਂਕ ਮੈਨੇਜਰ ਨੂੰ ਸ਼ੱਕ ਪੈ ਗਿਆ ਤਾਂ ਉਸ ਦੇ ਪਿੰਡ ਦੇ ਸਰਪੰਚ ਨੂੰ ਫੋਨ ਉੱਤੇ ਪੁੱਛ ਲਿਆ ਅਤੇ ਅੱਗੋਂ ਸਰਪੰਚ ਨੇ ਦੱਸਿਆ ਕਿ ਉਸ ਔਰਤ ਦੀ ਮੌਤ ਹੋ ਚੁੱਕੀ ਹੈ। ਫਿਰ ਸਰਪੰਚ ਓਥੇ ਆ ਗਿਆ। ਉਸ ਔਰਤ ਨੂੰ ਪੁਲਸ ਨੇ ਫੜਿਆ ਤਾਂ ਉਸ ਨੇ ਦੋ ਨੌਜਵਾਨ ਫੜਾ ਦਿੱਤੇ, ਜਿਹੜੇ ਉਸ ਜਵਾਨ ਔਰਤਨੂੰ 'ਬੇਬੇ' ਬਣਾ ਕੇ ਪੈਨਸ਼ਨ ਲੈਣ ਆਏ ਅਤੇ ਬੈਂਕ ਦੇ ਬਾਹਰ ਖੜੇ ਸਨ।

ਮਨ ਇਸ ਖਬਰ ਨੇ ਖਰਾਬ ਕੀਤਾ ਤਾਂ ਦੂਸਰੀ ਖਬਰ ਨਾਲ ਲੱਗਦੇ ਹਰਿਆਣੇ ਦੀ ਸਾਹਮਣੇ ਆ ਗਈ ਕਿ ਕਰੀਬ ਬਾਰਾਂ ਸਾਲ ਪਹਿਲਾਂ ਓਥੇ ਜਾਅਲੀ ਪੈਨਸ਼ਨਾਂ ਦਾ ਇੱਕ ਘੋਟਾਲਾ ਹੋਇਆ ਸੀ, ਉਸ ਦੀ ਜਾਂਚ ਇਸ ਹਫਤੇ ਕੇਂਦਰ ਦੀ ਜਾਂਚ ਏਜੰਸੀ ਸੀ ਬੀ ਆਈ ਨੂੰ ਸੌਂਪੀ ਗਈ ਹੈ। ਖਬਰ ਦਾ ਸਾਰ ਕਹਿੰਦਾ ਹੈ ਕਿ ਜਦੋਂ ਇਹ ਘੋਟਾਲਾ ਹੋਇਆ ਤਾਂਓਥੇ ਕਾਂਗਰਸ ਦੇ ਭੁਪਿੰਦਰ ਸਿੰਘ ਹੁਡਾ ਦੀ ਸਰਕਾਰ ਸੀ, ਇਹ ਸਾਰਾ ਕੁਝ ਉਸ ਦੇ ਬੰਦਿਆਂ ਨੇ ਕੀਤਾ ਸੀ ਤੇ ਜ਼ਿੰਮੇਵਾਰੀ ਉਸ ਦੇ ਸਿਰ ਵੀ ਆਉਂਦੀ ਹੈ। ਸਵਾਲ ਇਹ ਸੀ ਕਿ ਫਿਰ ਇਹ ਮੁੱਦਾ ਬਾਰਾਂ ਸਾਲ ਦੱਬਿਆ ਕਿਉਂ ਰਿਹਾ ਅਤੇ ਏਨੇ ਸਾਲਾਂ ਪਿੱਛੋਂ ਕੱਢਣ ਦੀ ਨੌਬਤ ਕਿਉਂ ਆਈ! ਕਾਰਨ ਇਹ ਕਿ ਪਹਿਲਾਂ ਕਾਂਗਰਸ ਮਰੀ ਹੋਣ ਕਾਰਨ ਕੇਸ ਖੋਲ੍ਹਣ ਦੀ ਲੋੜ ਨਹੀਂ ਸੀ, ਅਗਲੇ ਸਾਲ ਦੀਆਂ ਚੋਣਾਂ ਨੇੜੇ ਆਉਣ ਅਤੇ ਕਾਂਗਰਸ ਅੱਗੇ ਵਧਦੀ ਵੇਖ ਕੇ ਕਾਂਗਰਸੀ ਆਗੂਆਂ ਦੇ ਗਲ਼ ਰੱਸਾ ਪਾਉਣ ਦੀ ਲੋੜ ਪੈ ਗਈ ਹੈ। ਉਨ੍ਹਾਂ ਨੇ ਕੀਤਾ ਹੈ ਤਾਂ ਭੁਗਤਣਗੇ। ਉਨ੍ਹਾਂ ਤੋਂ ਪਹਿਲਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਏਸੇ ਤਰ੍ਹਾਂ ਜੇ ਬੀ ਟੀ ਟੀਚਰਾਂ ਦੀ ਭਰਤੀ ਦੇ ਸਕੈਂਡਲ ਵਿੱਚ ਫਸ ਕੇ ਦਸ ਸਾਲ ਜੇਲ੍ਹ ਵਿੱਚ ਕੱਟ ਆਇਆ ਹੈ। ਅੱਜ ਉਹ ਵੀ ਕਾਂਗਰਸ ਦੇ ਭ੍ਰਿਸ਼ਟਾਚਾਰ ਦੀ ਅਸਲੀ ਗੱਲ ਕਰ ਕੇ ਆਪਣੇ ਵਕਤ ਦੇ ਕਾਲੇ ਦੌਰ ਨੂੰ ਢੱਕਣ ਦੀ ਕੋਸ਼ਿਸ਼ ਕਰ ਸਕਦਾ ਹੈ।

ਤੀਸਰੀ ਖਬਰ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਦੀ ਹੈ। ਸਾਨੂੰ ਸਾਰਿਆਂ ਨੂੰ ਯਾਦ ਹੈ ਕਿ ਕਈ ਹਫਤੇ ਪਹਿਲਾਂ ਇੱਕ ਅਫਰੀਕੀ ਦੇਸ਼ ਵਿੱਚ ਭਾਰਤ ਤੋਂ ਗਈ ਦਵਾਈ ਨਾਲ ਕਈ ਬੱਚੇ ਮਰ ਜਾਣ ਦੀ ਖਬਰ ਆਈ ਸੀ। ਉਸ ਬਾਰੇ ਪਹਿਲਾਂ ਤਾਂ ਭਾਰਤ ਸਰਕਾਰ ਨੇ ਜ਼ਿੰਮੇਵਾਰੀ ਲੈਣ ਤੋਂ ਬਚਣਾ ਚਾਹਿਆ, ਪਰ ਜਦੋਂ ਵਿਸ਼ਵ ਸਿਹਤ ਸੰਗਠਨ ਨੇ ਇਹ ਸਾਫ ਕਹਿ ਦਿੱਤਾ ਕਿ ਮੌਤਾਂ ਦਾ ਕਾਰਨ ਭਾਰਤ ਤੋਂ ਗਈ ਦਵਾਈ ਸੀ ਤਾਂ ਹਰਿਆਣੇ ਦੀ ਉਹ ਕੰਪਨੀ ਬੰਦ ਕਰਨੀ ਪਈ। ਬਹੁਤਾ ਸਮਾਂ ਨਹੀਂ ਸੀ ਬੀਤਿਆ ਕਿ ਏਦਾਂ ਦੀ ਘਟਨਾ ਉਜ਼ਬੇਕਿਸਤਾਨ ਵਿੱਚ ਵਾਪਰ ਗਈ ਅਤੇ ਓਥੇ ਜਿਸ ਦੂਸਰੀ ਕੰਪਨੀ ਦੀ ਦਵਾਈ ਭੇਜੀ ਸੀ, ਫਿਰ ਉਹ ਵੀ ਬੰਦ ਕਰਨੀ ਪਈ। ਤਾਜ਼ਾ ਖਬਰ ਹਿਮਾਚਲ ਪ੍ਰਦੇਸ਼ ਦੀ ਹੈ ਕਿ ਰਾਜ ਸਰਕਾਰ ਨੇ ਓਥੋਂ ਦੀਆਂ ਗਿਆਰਾਂ ਦਵਾਈ ਕੰਪਨੀਆਂ ਨੂੰ ਦਵਾਈਆਂ ਦਾ ਉਤਪਾਦਨ ਕਰਨਾ ਬੰਦ ਕਰਨ ਦਾ ਹੁਕਮ ਦਿੱਤਾ ਹੈ। ਪ੍ਰਮੁੱਖ ਸ਼ਹਿਰ ਸੋਲਨ ਵਿਚਲੀ ਇੱਕ ਕੰਪਨੀ ਦੇ ਮਾਲਕਾਂ ਦੀ ਗ੍ਰਿਫਤਾਰੀ ਵੀ ਹੋਈ ਹੈ। ਖਬਰ ਦਾ ਵੇਰਵਾ ਕਹਿੰਦਾ ਹੈ ਕਿ ਓਥੇ ਦਵਾਈਆਂ ਦੀਆਂ ਉਨੱਤੀ ਕੰਪਨੀਆਂ ਦੇ ਮਾਲ ਵਿੱਚੋਂ ਸੈਂਪਲ ਭਰੇ ਗਏ ਤੇ ਗਿਆਰਾਂ ਕੰਪਨੀਆਂ ਨਾਲ ਸੰਬੰਧਤ ਛੇਹੱਤਰ ਸੈਂਪਲਾਂ ਦੀ ਰਿਪੋਰਟ ਬੇਹੱਦ ਘਟੀਆ ਆਈ ਹੋਣ ਕਾਰਨ ਇਹ ਸਾਰੀਆਂ ਬੰਦ ਕਰਨੀਆਂ ਪਈਆਂ ਹਨ। ਸੋਲਨ ਵਾਲੀ ਕੰਪਨੀ ਦਾ ਕੇਸ ਕੁਝ ਵੱਖਰਾ ਹੈ। ਓਥੋਂ ਦੀ ਦਵਾਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਾਰਲੀਮੈਂਟਰੀ ਚੋਣ ਹਲਕੇ ਵਾਰਾਣਸੀ ਵਿੱਚ ਪਹੁੰਚੀ ਤਾਂ ਇਸ ਦਾ ਮਾੜਾ ਪ੍ਰਭਾਵ ਪੈਣ ਮਗਰੋਂ ਜਦੋਂ ਉੱਤਰ ਪ੍ਰਦੇਸ਼ ਦੇ ਸਿਹਤ ਮਹਿਕਮੇ ਨੇ ਚੈੱਕ ਕਰਵਾਈ ਤਾਂ ਇਸ ਵਿੱਚ ਬਲੈਕ ਬੋਰਡ ਉੱਤੇ ਲਿਖਣ ਵਾਲਾ ਚਾਕ ਪੀਸ-ਪੀਸ ਕੇ ਪਾਇਆ ਨਿਕਲਿਆ ਸੀ। ਕੇਸ ਖੁਦ ਪ੍ਰਧਾਨ ਮੰਤਰੀ ਦੇ ਹਲਕੇ ਦਾ ਹੋਣ ਕਰ ਕੇ ਗੱਲ ਅੱਗੇ ਵਧ ਗਈ ਅਤੇ ਕੰਪਨੀ ਮਾਲਕ ਦੀ ਗ੍ਰਿਫਤਾਰੀ ਤੱਕ ਪਹੁੰਚ ਗਈ, ਕਿਸੇ ਹੋਰ ਜਗ੍ਹਾ ਇਹੋ ਜਿਹੀ ਕੋਈ ਹਰਕਤ ਹੋਈ ਹੁੰਦੀ ਤਾਂ ਸ਼ਾਇਦ ਮਾਮਲਾ ਰਫਾ-ਦਫਾ ਕਰ ਦਿੱਤਾ ਜਾਣਾ ਸੀ। ਖੁੰਬਾਂ ਵਾਂਗ ਉੱਗੀਆਂ ਇਹ ਕੰਪਨੀਆਂ ਏਦਾਂ ਦਾ ਕੰਮ ਸਿਰਫ ਤਦੇ ਕਰ ਸਕਦੀਆਂ ਹਨ, ਜੇ ਉਨ੍ਹਾਂ ਦੀ ਸਰਕਾਰੇ-ਦਰਬਾਰੇ ਪਹੁੰਚ ਹੋਵੇ ਅਤੇ ਇਹੀ ਵੱਡਾ ਨੁਕਸ ਹੈ।

ਇੱਕ ਗੱਲ ਬਹੁਤ ਸਾਰੇ ਲੋਕਾਂ ਨੂੰ ਪਤਾ ਨਹੀਂ ਕਿ ਜਿਹੜੀ ਦਵਾਈ ਅਫਰੀਕੀ ਦੇਸ਼ ਗਾਂਬੀਆ ਜਾਂ ਉਜ਼ਬੇਕਿਸਤਾਨ ਨੂੰ ਭੇਜੀ ਗਈ ਸੀ, ਉਹ ਭਾਰਤ ਵਿੱਚ ਵੇਚਣ ਵਾਸਤੇ ਪਾਸ ਨਹੀਂ ਸੀ ਹੋਈ, ਕਿਉਂਕਿ ਉਹ ਮਨੁੱਖੀ ਇਲਾਜ ਲਈ ਵਰਤਣ ਦੇ ਯੋਗ ਨਹੀਂ ਸੀ। ਜਿਹੜੀ ਦਵਾਈ ਸਾਡੇ ਆਪਣੇ ਦੇਸ਼ ਵਿੱਚ ਵਰਤੋਂ ਦੇ ਯੋਗ ਨਹੀਂ ਸੀ, ਉਹ ਦੂਸਰੇ ਦੇਸ਼ ਨੂੰ ਭੇਜਣ ਦਾ ਲਾਇਸੈਂਸ ਦੇਣ ਲਈ ਕਿਹੜੇ ਅਧਿਕਾਰੀ ਜਾਂ ਕਿਹੜੇ ਮੰਤਰੀ ਨੇ ਕਿੰਨੇ ਹੱਥ ਰੰਗੇ ਸਨ, ਪੜਤਾਲ ਕਰਨ ਵਾਲਿਆਂ ਨੂੰ ਇਹ ਵੀ ਪਤਾ ਕਰਨਾ ਚਾਹੀਦਾ ਸੀ, ਪਰ ਇਹ ਗੱਲ ਕਦੀ ਬਾਹਰ ਨਹੀਂ ਆਈ। ਰੌਲੇ-ਗੌਲੇ ਵਿੱਚ ਜਿਹੋ ਜਿਹਾ ਮਾਲ ਬਣਦਾ ਹੈ, ਬਣਦਾ ਜਾਣ ਦਿਓ ਤੇ ਜਿੱਥੇ ਕਿਸੇ ਨੇ ਭੇਜਣਾ ਹੈ, ਉਸ ਨੂੰ ਭੇਜਦਾ ਰਹਿਣ ਦਿਉ, ਇਸ ਚਲੰਤੂ ਫਾਰਮੂਲੇ ਸਦਕਾ ਦੂਸਰੇ ਦੇਸ਼ਾਂ ਦੇ ਲੋਕਾਂ ਦੀ ਜਾਨ ਨਾਲਜਿਹੜੇ ਪੂੰਜੀਪਤੀ ਖਿਲਵਾੜ ਕਰ ਸਕਦੇ ਹਨ, ਉਹ ਲਾਲਚ ਵੱਸ ਹੋ ਕੇ ਭਾਰਤੀ ਲੋਕਾਂ ਦਾ ਲਿਹਾਜ਼ ਵੀ ਨਹੀਂ ਕਰਨ ਲੱਗੇ। ਮਾਇਆ ਦਾ ਮੋਹ ਜਦੋਂ ਬੇਸ਼ਰਮੀ ਦੇ ਰਾਹ ਪਾ ਦੇਂਦਾ ਹੈ ਤਾਂ ਉਸ ਮਗਰੋਂ ਨੋਟਾਂ ਦੀ ਚਮਕ ਦਾ ਚੁੰਧਿਆਇਆ ਬੰਦਾ ਕਿਸੇ ਵੀ ਹੱਦ ਤੱਕ ਜਾ ਸਕਦਾ ਤੇ ਕਿਸੇ ਵੀ ਵਿਅਕਤੀ ਦੇ ਖੂਨ ਨਾਲ ਆਪਣੇ ਹੱਥ ਰੰਗ ਸਕਦਾ ਹੈ। ਇਹ ਤਾਂ ਕੁਝ ਵੀ ਨਹੀਂ, ਹਾਲੇ ਪਤਾ ਨਹੀਂ ਹੋਰ ਕੀ-ਕੀ ਕਹੀ ਜਾਂਦੀਆਂ ਹਨ ਇਹ ਨਿੱਤ ਦੀਆਂ ਖਬਰਾਂ।

ਸੌ ਸਵਾਲਾਂ ਦਾ ਸਵਾਲ ਇਹ ਹੈ ਕਿ ਜਦੋਂ ਸਾਰਾ ਦੇਸ਼ ਇਸ ਕਿਸਮ ਦੀ ਧੋਖਾਧੜੀ ਤੇ ਆਰਥਿਕ ਬਦਮਾਸ਼ੀ ਦੀਆਂ ਖਬਰਾਂ ਵਿੱਚ ਉਲਝਿਆ ਪਿਆ ਹੈ ਤਾਂ ਅਮਲ ਵਿੱਚ ਉਹ ਕੰਮ ਕਦੋਂ ਤੇ ਕਿੱਦਾਂ ਹੋ ਸਕਦਾ ਹੈ, ਜਿਹੜਾ ਭਾਰਤ ਨੂੰ ਦੁਨੀਆ ਦੇ ਦੇਸ਼ਾਂ ਦੀ ਕਤਾਰ ਵਿੱਚ ਸਨਮਾਨ ਵਾਲੀ ਥਾਂ ਖੜਾ ਕਰ ਸਕਦਾ ਹੋਵੇ? ਅਸੀਂ ਲੋਕ ਇਹ ਵੇਖ ਕੇ ਖੁਸ਼ੀ ਮਨਾਈ ਜਾਂਦੇ ਹਾਂ ਕਿ ਫਲਾਣੇ ਥਾਂ ਐਨੇ ਦੇਸ਼ਾਂ ਦੀ ਮੀਟਿੰਗ ਹੋਈ ਤਾਂ ਸਾਂਝੀ ਫੋਟੋ ਖਿਚਵਾਉਣ ਵੇਲੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਸਾਰਿਆਂ ਦੇ ਵਿਚਾਲੇ ਖੜੋਣ ਦਾ ਥਾਂ ਦਿੱਤਾ ਗਿਆ। ਮਨਮੋਹਨ ਸਿੰਘ ਤੇ ਵਾਜਪਾਈ ਦੇ ਵਕਤ ਵੀ ਏਹੋ ਹੁੰਦਾ ਵੇਖਿਆ ਗਿਆ ਸੀ, ਇਹ ਥਾਂ ਨਰਿੰਦਰ ਮੋਦੀ ਦੇ ਆਉਣ ਨਾਲ ਭਾਰਤ ਨੂੰ ਨਹੀਂ ਮਿਲੀ, ਪਰ ਉਨ੍ਹਾਂ ਦੇ ਵਕਤ ਇਸ ਤਰ੍ਹਾਂ ਖੜੋਣ ਬਾਰੇ ਢੰਡੋਰਾ ਨਹੀਂ ਸੀ ਪਿੱਟਿਆ ਜਾਂਦਾ। ਅੱਜਕੱਲ੍ਹ ਹਰ ਗੱਲ ਦਾ ਢੰਡੋਰਾ ਪਿੱਟਿਆ ਜਾਂਦਾ ਤੇ ਦਾਅਵਾ ਕੀਤਾ ਜਾਂਦਾ ਹੈ ਕਿ ਇਸ ਤਰ੍ਹਾਂ ਭਾਰਤ ਸਾਰੇ ਸੰਸਾਰ ਦਾ ਆਗੂ, ਵਿਸ਼ਵ ਗੁਰੂ, ਬਣਨ ਵੱਲ ਵਧਦਾ ਪਿਆ ਹੈ। ਇਹ ਵਹਿਮ ਕੱਢ ਕੇ ਹਕੀਕਤ ਪਛਾਨਣੀ ਚਾਹੀਦੀ ਹੈ। ਸੰਸਾਰ ਦੇ ਵਿਕਸਤ ਦੇਸ਼ਾਂ ਵਾਲਿਆਂ ਦੀ ਨੀਤੀ ਨਾ ਮਨਮੋਹਨ ਸਿੰਘ ਅਤੇ ਵਾਜਪਾਈ ਵਰਗੇ ਆਗੂਆਂ ਨੂੰ ਵਿਸ਼ਵ ਗੁਰੂ ਮੰਨਣ ਦੀ ਸੀ, ਨਾ ਇਸ ਵਕਤ ਉਨ੍ਹਾਂ ਦੇ ਮਨਾਂ ਵਿੱਚ ਇਹ ਸੋਚ ਹੈ, ਅਸਲ ਗੱਲ ਇਹ ਹੈ ਕਿ ਭਾਰਤ ਦੇ ਇੱਕ ਸੌ ਚਾਲੀ ਕਰੋੜ ਲੋਕਾਂ ਨੂੰ ਉਹ ਲੋਕ ਨਹੀਂ ਮੰਨਦੇ, ਇੱਕ ਸੌ ਚਾਲੀ ਕਰੋੜ ਗ੍ਰਾਹਕ ਸਮਝਦੇ ਹਨ। ਗ੍ਰਾਹਕਾਂ ਦੀ ਵੱਡੀ ਮੰਡੀ ਵਰਗੇ ਦੇਸ਼ ਦੇ ਮੁਖੀ ਨੂੰ ਉਹ ਆਪਣਾ ਆਗੂ ਮੰਨਣ ਦੀ ਭੁੱਲ ਨਹੀਂ ਕਰਦੇ, ਭਾਰਤ ਦੀ ਮੰਡੀ ਵਿੱਚ ਆਪਣਾ ਮਾਲ ਵੇਚਣ ਵਾਸਤੇ ਇੱਕ ਦੂਸਰੇ ਨੂੰ ਮੋਢੇ ਮਾਰ ਕੇ ਅੱਗੇ ਲੰਘਣ ਦਾ ਯਤਨ ਕਰਦੇ ਹਨ ਤੇ ਅਸੀਂ ਇਸ ਨਾਲ ਉਸ ਮਾਣ ਦਾ ਅਹਿਸਾਸ ਕਰਨ ਲੱਗ ਪੈਂਦੇ ਹਾਂ, ਜੋ ਅਸਲੀ ਸਨਮਾਨਾਂ ਤੋਂ ਵੱਡਾ ਜਾਪਦਾ ਹੈ। ਕਾਰੋਬਾਰੀ ਵਿਹਾਰ ਦੇ ਈਮਾਨ ਤੇ ਅਸੂਲਾਂ ਦੀ ਰਾਜਨੀਤੀ ਤੋਂ ਸੱਖਣੀ ਤੇ ਸਿਰਫ ਮੀਡੀਏ ਵਿੱਚ ਬੱਲੇ-ਬੱਲੇ ਹੁੰਦੀ ਵੇਖਣਦੀ ਮਾਨਸਿਕਤਾ ਨਾਲ ਵਿਸ਼ਵ-ਗੁਰੂ ਦੇ ਰੁਤਬੇ ਨਹੀਂ ਮਿਲਦੇ ਹੁੰਦੇ, ਹਵਾਈ ਗੁਬਾਰੇ ਵਿੱਚ ਜਿਸ ਦਿਨ ਸੂਈ ਚੁਭ ਗਈ ਤਾਂ ਸੁਫਨਾ ਟੁੱਟ ਜਾਵੇਗਾ।

ਜਿਨ੍ਹਾਂ ਦੇਸ਼ਾਂ ਦੇ ਹਾਕਮਾਂ ਨਾਲ ਖੜੋ ਕੇ ਵਿਸ਼ਵ ਗੁਰੂ ਬਣਨ ਦੇ ਸੁਫਨੇ ਸੰਜੋਏ ਜਾਂਦੇ ਹਨ, ਉਨ੍ਹਾਂ ਵਾਂਗ ਧੋਖਾਧੜੀ ਤੇ ਕਾਰੋਬਾਰ ਵਿੱਚ ਬੇਈਮਾਨੀ ਦਾ ਅਮਲ ਰੋਕਣ ਵੱਲ ਮੂੰਹ ਕਰਨਾ ਚਾਹੀਦਾ ਹੈ, ਪਰ ਉਹ ਕੀਤਾ ਨਹੀਂ ਜਾਂਦਾ। ਦੇਸ਼ ਵਿਚਲੇ ਹਾਲਾਤ ਵਿੱਚ ਉਹ ਸੁਖਾਵਾਂ ਦਿਨ ਆਉਣ ਤੱਕ ਸਾਡੇ ਜ਼ਿੰਮੇ ਇਨ੍ਹਾਂ ਖਬਰਾਂ ਨੂੰ ਪੜ੍ਹੀ ਜਾਣ ਦਾ ਕੰਮ ਹੈ, ਉਹੀ ਖਬਰਾਂ ਪੜ੍ਹੀ ਜਾਣ ਦਾ, ਜਿਹੜੀਆਂ ਬਦੋ-ਬਦੀ ਸਾਹਮਣੇ ਆਣ ਡਿੱਗਦੀਆਂ ਤੇ ਪਤਾ ਨਹੀਂ ਕੀ-ਕੀ ਕੁਝ ਕਹੀ ਜਾਂਦੀਆਂ ਹਨ।

# ਨਵੀਂ ਪੀੜ੍ਹੀ ਸ਼ਰਾਬੀ ਹੋ ਗਈ, ਕੋਰੋਨਾ ਦੇ ਦੌਰ ਤੋਂ ਬਾਅਦ ਦੇਸ਼ 'ਚ ਤੇਜ਼ੀ ਨਾਲ ਵਧੀ ਨਸ਼ੇ ਦੀ ਖਪਤ

-ਵਿਜੈ ਗਰਗ-

ਖਤਰਨਾਕ ਨਸ਼ੇ ਦਾ ਭੂਤ ਦੇਸ਼ ਨੂੰ ਵੰਗਾਰ ਰਿਹਾ ਹੈ ਕਿ ਬਚਾ ਸਕਦੇ ਹੋ ਤਾਂ ਆਪਣੀ ਨੌਜਵਾਨ ਪੀੜੀ ਨੂੰ ਬਚਾਓ। ਗ੍ਰਹਿ ਮੰਤਰੀ ਨੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਨਸ਼ਾ ਵਿਰੋਧੀ ਟਾਸਕ ਫੋਰਸ ਨੂੰ ਸਾਲ 2047 ਤੱਕ ਦੇਸ਼ ਨੂੰ ਨਸ਼ਾ ਮੁਕਤ ਬਣਾਉਣ ਦਾ ਭਰੋਸਾ ਦਿੱਤਾ ਹੈ ਪਰ ਜੇਕਰ ਇਹ ਏਜੰਸੀਆਂ ਅਤੇ ਪੁਲਿਸ ਇੰਨੀਆਂ ਹੀ ਸੁਚੇਤ ਅਤੇ ਇਮਾਨਦਾਰ ਹੁੰਦੀਆਂ ਤਾਂ ਹਾਲਾਤ ਇੱਥੋਂ ਤੱਕ ਨਾ ਪਹੁੰਚਦੇ। ਸੁਤੰਤਰ ਸੰਗਠਨ 'ਥਿੰਕ ਚੇਂਜ' ਨੇ ਇਕ ਅਧਿਐਨ 'ਚ ਚਿਤਾਵਨੀ ਦਿੱਤੀ ਹੈ ਕਿ ਕੋਰੋਨਾ ਦੇ ਦੌਰ ਤੋਂ ਬਾਅਦ ਦੇਸ਼ 'ਚ ਨਸ਼ੇ ਵਧਣਗੇ।ਪਦਾਰਥਾਂ ਦੀ ਖਪਤ ਤੇਜ਼ੀ ਨਾਲ ਵਧੀ ਹੈ। ਜੇਕਰ ਹਾਲਾਤ ਨਾ ਬਦਲੇ ਤਾਂ ਅਗਲੇ ਦਹਾਕਿਆਂ ਵਿੱਚ ਨਸ਼ਾ ਭਿਆਨਕ ਰੂਪ ਧਾਰਨ ਕਰ ਲਵੇਗਾ। ਰਿਪੋਰਟ ਵਿੱਚ ਦਸ ਤੋਂ ਸਤਾਰਾਂ ਸਾਲ ਦੀ ਉਮਰ ਦੇ ਬੱਚਿਆਂ ਅਤੇ ਕਿਸ਼ੋਰਾਂ ਦੀ ਸਭ ਤੋਂ ਵੱਧ ਗਿਣਤੀ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਚੇਤਾਵਨੀ ਹਲਕਾ ਨਹੀਂ ਹੈ। ਨਸ਼ਿਆਂ ਦੀ ਸੌਖੀ ਪਹੁੰਚ ਮਿਡਲ ਅਤੇ ਹਾਈ ਸਕੂਲਾਂ ਤੱਕ ਪਹੁੰਚ ਗਈ ਹੈ। ਦੇਸ਼ ਵਿੱਚ ਛੋਟੀ ਉਮਰ ਵਿੱਚ ਬੱਚਿਆਂ ਨੂੰ ਹੋਸਟਲਾਂ ਅਤੇ ਕੋਚਿੰਗ ਸੰਸਥਾਵਾਂ ਵਿੱਚ ਭੇਜਣ ਦੇ ਰੁਝਾਨ ਅਤੇ ਕਾਨੂੰਨ ਲਾਗੂ ਕਰਨ ਵਿੱਚ ਢਿੱਲ-ਮੱਠ ਨੇ ਬੱਚਿਆਂ ਅਤੇ ਕਿਸ਼ੋਰਾਂ ਨੂੰ ਨਸ਼ਿਆਂ ਦੇ ਨੇੜੇ ਧੱਕ ਦਿੱਤਾ ਹੈ। ਅੰਦਾਜ਼ਾ ਹੈ ਕਿ ਦੇਸ਼ ਵਿੱਚ ਨਸ਼ਿਆਂ ਦਾ ਕਾਰੋਬਾਰ ਪੰਦਰਾਂ ਲੱਖ ਹੈਈ ਪ੍ਰਤੀ ਸਾਲ ਰੁਪਏ ਤੋਂ ਵੱਧ ਹੈ। ਦੇਸ਼ ਦੀ ਤਿੰਨ ਫ਼ੀਸਦੀ ਆਬਾਦੀ ਪੂਰੀ ਤਰ੍ਹਾਂ ਖ਼ਤਰਨਾਕ ਨਸ਼ਿਆਂ ਦੀ ਲਪੇਟ ਵਿੱਚ ਹੈ। ਹੁਣ ਮਿਜ਼ੋਰਮ, ਪੰਜਾਬ, ਦਿੱਲੀ ਹੀ ਨਹੀਂ, ਜਿੱਥੇ ਨਸ਼ੇੜੀਆਂ ਦੀ ਗਿਣਤੀ ਸਭ ਤੋਂ ਵੱਧ ਹੈ, ਉੱਥੇ ਦੇਸ਼ ਦੇ ਕੋਨੇ-ਕੋਨੇ ਦੇ ਛੋਟੇ-ਛੋਟੇ ਪਿੰਡਾਂ ਅਤੇ ਕਸਬਿਆਂ ਵਿੱਚ ਵੀ ਪਾਬੰਦੀਸ਼ੁਦਾ ਨਸ਼ੇ ਆਸਾਨੀ ਨਾਲ ਉਪਲਬਧ ਹਨ। ਪਿਛਲੇ ਸਾਲ ਗੁਜਰਾਤ ਦੇ ਮੁੰਦਰਾ ਬੰਦਰਗਾਹ ਤੋਂ 3,000 ਕਿੱਲੋ, ਦਿੱਲੀ ਅਤੇ ਲਖਨਊ ਤੋਂ 322 ਕਿੱਲੋ ਖ਼ਤਰਨਾਕ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਸਨ, ਜਿਨ੍ਹਾਂ ਦੀ ਸਪਲਾਈ ਚੇਨ ਵਿੱਚ ਮੈਡੀਕਲ, ਇੰਜਨੀਅਰਿੰਗ, ਆਈਆਈਟੀ, ਆਈਆਈਐਮ, ਫੈਸ਼ਨ ਡਿਜ਼ਾਈਨਿੰਗ ਦੇ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਗਿਆ ਸੀ।ਜਿਸ ਰਫ਼ਤਾਰ ਨਾਲ ਕੋਟਾ, ਬੰਗਲੌਰ, ਹੈਦਰਾਬਾਦ, ਪੁਣੇ ਵਿੱਚ ਆਈਟੀ ਸੈਕਟਰਾਂ ਦਾ ਵਿਕਾਸ ਹੋਇਆ, ਉਸੇ ਰਫ਼ਤਾਰ ਨਾਲ ਉਨ੍ਹਾਂ ਵਿੱਚ ਨਸ਼ਿਆਂ ਦਾ ਕਾਰੋਬਾਰ ਫੈਲਿਆ। ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਏਮਜ਼ ਦੁਆਰਾ ਕਰਵਾਏ ਗਏ ਇੱਕ ਸਰਵੇਖਣ ਵਿੱਚ ਇਕੱਲੇ ਦਿੱਲੀ ਵਿੱਚ ਨੱਬੇ ਹਜ਼ਾਰ ਖਤਰਨਾਕ ਨਸ਼ੇੜੀਆਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਵਿੱਚੋਂ 49 ਫੀਸਦੀ 19 ਤੋਂ 38 ਸਾਲ ਦੀ ਉਮਰ ਦੇ ਨੌਜਵਾਨ ਹਨ। ਦੇਸ਼ ਵਿੱਚ 10 ਤੋਂ 17 ਸਾਲ ਦੀ ਉਮਰ ਦੇ 1.48 ਕਰੋੜ ਬੱਚੇ ਅਤੇ ਕਿਸ਼ੋਰ ਸ਼ਰਾਬ, ਅਫਰੀਮ, ਕੋਕੀਨ, ਭੰਗ,



ਗਾਂਜਾ ਦਾ ਸੇਵਨ ਕਰ ਰਹੇ ਹਨ। ਸਕੂਲੀ ਬੱਚਿਆਂ ਵਿੱਚ ਈ-ਸਿਗਰੇਟ ਅਤੇ 'ਸਾਈਕੋਟ੍ਰੋਪਿਕ ਡਰੱਗ' ਦੀ ਲਤ ਬਹੁਤ ਤੇਜ਼ੀ ਨਾਲ ਵਧੀ ਹੈ।, ਵੈੱਬਸਾਈਟਾਂ ਆਨਲਾਈਨ ਨਸ਼ੇ ਦੀ ਅੰਨ੍ਹੇਵਾਹ ਵਿਕਰੀ ਕਰ ਰਹੀਆਂ ਹਨ, ਜਦੋਂ ਕਿ ਸ਼ਹਿਰਾਂ ਅਤੇ ਕਸਬਿਆਂ ਦੇ ਕੁਝ ਡਰੱਗ ਡੀਲਰ ਇਸ ਨੂੰ ਮੁਹੱਈਆ ਕਰਵਾ ਰਹੇ ਹਨ। ਸਕੂਲਾਂ-ਕਾਲਜਾਂ ਦੇ ਨੇੜੇ ਸਥਿਤ ਪਾਨ-ਚਾਹ ਦੀਆਂ ਦੁਕਾਨਾਂ ਅਤੇ ਹੋਰ ਦੁਕਾਨਦਾਰਾਂ ਨੇ ਅਜਿਹੀਆਂ ਵਸਤਾਂ ਦੀ ਵਿਕਰੀ ਨੂੰ ਨਾਜਾਇਜ਼ ਕਮਾਈ ਦਾ ਸਾਧਨ ਬਣਾ ਲਿਆ ਹੈ। ਛੋਟੇ ਸ਼ਹਿਰਾਂ ਅਤੇ ਕਸਬਿਆਂ ਦੇ ਜ਼ਿਆਦਾਤਰ ਹੋਟਲ ਅਤੇ ਰੈਸਟੋਰੈਂਟ ਮਾਲਕ ਪਾਰਟੀ ਸਮਾਗਮਾਂ ਵਿੱਚ ਵਿਦਿਆਰਥੀਆਂ ਨੂੰ ਇਹ 'ਮਨੋਵਿਗਿਆਨਕ ਦਵਾਈਆਂ' ਆਸਾਨੀ ਨਾਲ ਉਪਲਬਧ ਕਰਵਾ ਰਹੇ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ. ਸੀ. ਆਰ. ਬੀ.) ਦੇ ਅੰਕੜਿਆਂ ਮੁਤਾਬਕ ਜਿੱਥੇ ਸਾਲ 2019 'ਚ 7 ਲੋਕ ਨਸ਼ੇ ਦੀ ਲਤ ਤੋਂ ਪਰੇਸ਼ਾਨ ਹੋਏ ਸਨ।ਹਜ਼ਾਰ 800 ਲੋਕਾਂ ਨੇ ਕੀਤੀ ਖੁਦਕੁਸ਼ੀ, ਸਾਲ 2021 ਵਿੱਚ ਇਹ ਅੰਕੜਾ 10 ਹਜ਼ਾਰ 560 ਹੋ ਗਿਆ ਹੈ। ਨਸ਼ੇ ਕਾਰਨ ਖੁਦਕੁਸ਼ੀਆਂ ਦਾ ਰੁਝਾਨ ਦੋ ਸਾਲਾਂ ਵਿੱਚ 20 ਫੀਸਦੀ ਦੀ ਦਰ ਨਾਲ ਵਧਿਆ ਹੈ। ਪੰਜਾਬ ਦੇ ਸਕੂਲੀ ਬੱਚਿਆਂ ਦੀ ਰਿਪੋਰਟ ਦੱਸਦੀ ਹੈ ਕਿ ਸੂਬੇ ਦਾ ਹਰ ਤੀਜਾ ਲੜਕਾ ਅਤੇ ਦਸਵੀਂ ਦੀ ਵਿਦਿਆਰਥਣ ਨਸ਼ੇ ਦਾ ਸ਼ਿਕਾਰ ਹੋ ਚੁੱਕੀ ਹੈ। ਸਮਾਜਿਕ ਨਿਆਂ ਵਿਭਾਗ ਅਨੁਸਾਰ ਦੇਸ਼ ਦੀ ਕੁੱਲ ਆਬਾਦੀ ਦਾ 14.6 ਫ਼ੀਸਦੀ ਹਿੱਸਾ ਨਸ਼ਿਆਂ ਦੀ ਲਪੇਟ ਵਿੱਚ ਹੈ, ਜਿਨ੍ਹਾਂ ਵਿੱਚੋਂ ਤਿੰਨ ਫ਼ੀਸਦੀ ਖ਼ਤਰਨਾਕ ਨਸ਼ਿਆਂ ਦੇ ਆਦੀ ਹਨ। ਜੇਕਰ ਸਰਕਾਰਾਂ ਅਤੇ ਆਮ ਲੋਕਾਂ ਨੇ ਦੇਸ਼ ਵਿੱਚ ਤੇਜ਼ੀ ਨਾਲ ਫੈਲ ਰਹੇ ਜ਼ਹਿਰ ਪ੍ਰਤੀ ਸੁਚੇਤ ਨਾ ਕੀਤਾ ਤਾਂ 2050 ਤੱਕ ਅੱਧੇ ਨੌਜਵਾਨਅਬਾਦੀ ਨਸ਼ੇ ਦੀ ਲਪੇਟ ਵਿੱਚ ਆ ਜਾਵੇਗੀ। ਆਂਧਰਾ ਪ੍ਰਦੇਸ਼, ਪੰਜਾਬ ਅਤੇ ਉੜੀਸਾ ਭੰਗ ਦੇ ਪ੍ਰਮੁੱਖ ਸਪਲਾਇਰ ਹਨ। ਪਹਿਲਾਂ ਇਹ ਗੈਰ-ਕਾਨੂੰਨੀ ਧੰਦਾ ਜੋ ਊਠਾਂ ਰਾਹੀਂ ਹੁੰਦਾ ਸੀ, ਹੁਣ ਸਮੁੰਦਰੀ ਰਸਤੇ ਅਤੇ ਡਰੋਨਾਂ ਰਾਹੀਂ ਕੀਤਾ ਜਾ ਰਿਹਾ ਹੈ। ਕੱਛ ਦੇ ਮੁੰਦਰਾ ਅਤੇ ਜਖਾਊ ਬੰਦਰਗਾਹਾਂ ਤੋਂ ਸੂਰਜਵਾੜੀ ਅਤੇ ਸਮਖਿਆਲੀ ਮਾਰਗਾਂ ਰਾਹੀਂ ਨਸ਼ਾ ਦੇਸ਼ ਦੇ ਕੋਨੇ-ਕੋਨੇ ਤੱਕ ਪਹੁੰਚ ਰਿਹਾ ਹੈ। ਪਿਛਲੇ ਸਾਲ, ਗੁਜਰਾਤ ਏਟੀਐਸ ਨੇ ਮੋਰਬੀ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਝਿੰਝੂਦਾ ਤੋਂ 120 ਕਿਲੋਗ੍ਰਾਮ ਨਸ਼ੀਲੇ ਪਦਾਰਥ ਜ਼ਬਤ ਕੀਤੇ ਸਨ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ 600 ਕਰੋੜ ਰੁਪਏ ਹੈ। ਹਾਲ ਹੀ ਵਿੱਚ ਅਤੇ ਜਲ ਸੈਨਾ ਸੰਯੁਕਤਇਸ ਆਪਰੇਸ਼ਨ ਦੇ ਤਹਿਤ ਕੇਰਲ ਦੇ ਕੋਚੀ ਦੇ ਤੱਟ 'ਤੇ ਪਾਕਿਸਤਾਨੀ ਕਿਸ਼ਤੀ 'ਚੋਂ ਬਾਰਾਂ ਹਜ਼ਾਰ ਕਰੋੜ ਰੁਪਏ ਦੀ ਕੀਮਤ ਦਾ 2500 ਕਿਲੋ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ ਹੈ। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਛੱਤੀਸਗੜ੍ਹ, ਉੱਤਰਾਖੰਡ, ਦੱਖਣੀ ਅਤੇ ਪੂਰਬੀ ਰਾਜਾਂ ਵਿੱਚ ਮੈਂਥਾ, ਐਲਐਸਡੀ, ਮਿਆਉ-ਮਿਆਉ, ਚਿੱਟਾ ਪਾਊਡਰ, ਟਿਕਟ ਵਰਗੇ ਰਸਾਇਣਕ ਨਸ਼ੀਲੇ ਪਦਾਰਥ ਬੱਚਿਆਂ ਅਤੇ ਕਿਸ਼ੋਰਾਂ ਤੱਕ ਪਹੁੰਚ ਚੁੱਕੇ ਹਨ। ਦੇਸ਼ ਵਿੱਚ ਨਸ਼ੀਲੇ ਪਦਾਰਥਾਂ ਦੀ ਰੋਕਥਾਮ ਲਈ ਬਣਿਆ ਕਾਨੂੰਨ ਇਸ ਗੈਰ-ਕਾਨੂੰਨੀ ਧੰਦੇ ਨੂੰ ਰੋਕਣ ਵਿੱਚ ਕਮਜ਼ੋਰ ਸਾਬਤ ਹੋ ਰਿਹਾ ਹੈ। ਸਜ਼ਾ ਦਾ ਸਾਰਾ ਤਰੀਕਾ ਪੁਲਿਸ ਦੀ ਇਮਾਨਦਾਰੀ 'ਤੇ ਨਿਰਭਰ ਕਰਦਾ ਹੈ ਕਰਦਾ ਹੈ। ਮੌਤ ਦੇ ਸੌਦਾਗਰ ਇਨ੍ਹਾਂ ਅਪਰਾਧੀਆਂ ਲਈ ਸਜ਼ਾਵਾਂ ਦੀ ਮਾਮੂਲੀ ਵਿਵਸਥਾ ਦੇਸ਼ ਵਿੱਚ ਅਪਰਾਧ ਦਰ ਨੂੰ ਵਧਾ ਰਹੀ ਹੈ। ਦੇਸ਼ ਵਿੱਚ ਨਸ਼ਿਆਂ ਦਾ ਕਾਰੋਬਾਰ ਰਾਜਾਂ ਦੀਆਂ ਸਰਹੱਦਾਂ ਤੋਂ ਪਾਰ ਚੱਲਦਾ ਹੈ, ਕਿਉਂਕਿ ਰਾਜਾਂ ਦੀਆਂ ਸੁਰੱਖਿਆ ਏਜੰਸੀਆਂ ਵਿੱਚ ਤਾਲਮੇਲ ਦੀ ਘਾਟ ਅਤੇ ਰਾਜ ਸਰਕਾਰਾਂ ਵਿੱਚ ਸਿਆਸੀ ਰੰਜਿਸ਼ ਦੀ ਭਾਵਨਾ ਡਰੱਗ ਮਾਫੀਆ ਦੀ ਸਰਪ੍ਰਸਤੀ ਦਾ ਕਾਰਨ ਬਣ ਰਹੀ ਹੈ। ਡਰੱਗ ਮਾਫੀਆ ਦੀ ਕਮਰ ਤੋੜਨ ਦੇ ਇਰਾਦੇ ਨਾਲ ਸੀਬੀਆਈ ਨੇ ਇੰਟਰਪੋਲ ਅਤੇ ਐਨਸੀਬੀ ਦੀ ਮਦਦ ਨਾਲ ਅੱਠ ਰਾਜਾਂ ਵਿੱਚ ਅਪਰੇਸ਼ਨ ਗਰੁੜ ਸ਼ੁਰੂ ਕੀਤਾ ਸੀ। ਹੈਰੋਇਨ, ਚਰਸ, ਮੈਫੇਡ੍ਰੋਨ, ਸਮੈਕ, ਇੰਜੈਕਟੇਬਲ ਡਰੱਗਜ਼, ਗਾਂਜਾ, ਅਫੀਮ ਦੀ ਵੱਡੀ ਬਰਾਮਦਗੀਇਸ ਦੇ ਨਾਲ ਹੀ 6600 ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਪਰ ਸੂਬਾ ਸਰਕਾਰਾਂ ਵਿੱਚ ਤਾਲਮੇਲ ਦੀ ਘਾਟ ਕਾਰਨ ਇਹ ਮੁਹਿੰਮ ਜਾਰੀ ਨਹੀਂ ਰਹਿ ਸਕੀ। ਅੱਜ ਜਿੱਥੇ ਮਾਫੀਆ ਨੇ ਦੇਸ਼ ਦੇ ਛੋਟੇ-ਛੋਟੇ ਪਿੰਡਾਂ ਨੂੰ ਆਧੁਨਿਕ ਤਕਨੀਕੀ ਸਹੂਲਤਾਂ ਨਾਲ ਲੈਸ ਕਰ ਦਿੱਤਾ ਹੈ, ਉੱਥੇ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਨੌਂ ਸੌ ਥਾਣਿਆਂ ਵਿੱਚ ਸੰਚਾਰ ਦੇ ਸਾਧਨ ਵੀ ਉਪਲਬਧ ਨਹੀਂ ਹਨ। ਦੇਸ਼ ਦੇ 233 ਥਾਣਿਆਂ ਵਿੱਚ ਵਾਹਨ ਨਹੀਂ ਹਨ। 115 ਥਾਣਿਆਂ ਵਿੱਚ ਵਾਇਰਲੈੱਸ ਸੈੱਟ ਨਹੀਂ ਹਨ। ਦੇਸ਼ ਦੇ 17 ਹਜ਼ਾਰ 233 ਥਾਣਿਆਂ ਦੇ ਆਧੁਨਿਕੀਕਰਨ ਲਈ ਕੇਂਦਰ ਸਰਕਾਰ ਰਾਜਾਂ ਨੂੰ ਫੰਡ ਦਿੰਦੀ ਹੈ। ਕੇਂਦਰ ਨੇ 2021-22 ਵਿੱਚ 158.56 ਕਰੋੜ ਰੁਪਏ ਜਾਰੀ ਕੀਤੇਕੀਤੇ ਗਏ ਸਨ। ਪਿਛਲੇ ਸਾਲਾਂ ਵਿੱਚ ਰਾਜਾਂ ਨੂੰ ਦਿੱਤੇ ਫੰਡ ਖਰਚ ਨਾ ਹੋਣ ਕਾਰਨ 742.10 ਕਰੋੜ ਰੁਪਏ ਦੀ ਬਚਤ ਹੋਈ ਸੀ। ਰਾਜ ਸਰਕਾਰਾਂ ਪੁਲਿਸ ਦੇ ਆਧੁਨਿਕੀਕਰਨ ਵਿੱਚ ਬਹੁਤ ਪਿੱਛੇ ਹਨ, ਜਦਕਿ ਅਪਰਾਧੀਆਂ ਦੀ ਰਫ਼ਤਾਰ ਬਹੁਤ ਤੇਜ਼ ਹੈ। ਨਸ਼ੇ ਦੇ ਸੌਦਾਗਰਾਂ ਨੇ ਹੁਣ ਇਸ ਧੰਦੇ ਵਿੱਚ ਮਹਿਲਾ ਗਰੋਹਾਂ ਨੂੰ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ ਹੈ, ਜਦੋਂ ਕਿ ਦੇਸ਼ ਵਿੱਚ ਮਹਿਲਾ ਪੁਲੀਸ ਮੁਲਾਜ਼ਮਾਂ ਦੀ ਗਿਣਤੀ ਬਹੁਤ ਘੱਟ ਹੈ। ਦੇਸ਼ ਦੀਆਂ ਅਦਾਲਤਾਂ ਔਰਤ ਅਪਰਾਧੀ ਨੂੰ ਸਿਰਫ਼ ਮਹਿਲਾ ਪੁਲੀਸ ਵੱਲੋਂ ਗ੍ਰਿਫ਼ਤਾਰ ਕਰਨ ਦੇ ਹੱਕ ਵਿੱਚ ਹਨ, ਜਦੋਂ ਕਿ ਦੇਸ਼ ਭਰ ਵਿੱਚ 2800 ਔਰਤਾਂ 'ਤੇ ਸਿਰਫ਼ ਇੱਕ ਮਹਿਲਾ ਪੁਲੀਸ ਮੁਲਾਜ਼ਮ ਹੈ। ਰਾਜਾਂ ਦੀ ਹਾਲਤ ਇਹ ਹੈ ਕਿ ਐਸ.ਟੀ.ਐਫ ਦੇ ਵਿਸ਼ੇਸ਼ ਸਿਖਲਾਈ ਪ੍ਰਾਪਤ ਹੈਜਵਾਨਾਂ ਨੂੰ ਮੰਤਰੀਆਂ ਅਤੇ ਅਫਸਰਾਂ ਦੇ ਸੇਵਾਦਾਰ ਬਣਾ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਬੰਗਲਿਆਂ ਦੀ ਰਾਖੀ ਦਾ ਇੰਚਾਰਜ ਲਾਇਆ ਗਿਆ ਹੈ। ਜਦੋਂ ਕਿ ਨਗਰ ਨਿਗਮ ਦੇ ਸੇਵਾਦਾਰ ਥਾਣੇ ਚਲਾ ਰਹੇ ਹਨ। ਇਕੱਲੇ ਮੱਧ ਪ੍ਰਦੇਸ਼ ਵਿੱਚ, 4,000 ਤੋਂ ਵੱਧ ਐਸਟੀਐਫ ਦੇ ਜਵਾਨ ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਮੰਤਰੀਆਂ ਅਤੇ ਪੁਲਿਸ ਅਧਿਕਾਰੀਆਂ ਦੀ ਸੇਵਾ ਕਰ ਰਹੇ ਹਨ। ਰਾਜਾਂ ਕੋਲ ਤੇਜ਼ ਦਵਾਈਆਂ ਦੀ ਜਾਂਚ ਲਈ ਲੋੜੀਂਦੀਆਂ ਪ੍ਰਯੋਗਸ਼ਾਲਾਵਾਂ ਨਹੀਂ ਹਨ। ਜ਼ਬਤ ਕੀਤੀ ਸਮੱਗਰੀ ਦੀ ਜਾਂਚ ਵਿੱਚ ਕਈ ਮਹੀਨੇ ਲੱਗ ਜਾਂਦੇ ਹਨ, ਨਤੀਜੇ ਵਜੋਂ ਗਲਤ ਨਤੀਜੇ ਨਿਕਲਦੇ ਹਨ। ਵਧਦੀ ਆਬਾਦੀ, ਰੁਜ਼ਗਾਰ ਦੀ ਘਾਟ, ਛੋਟੇ ਕਾਰੋਬਾਰੀਆਂ ਦੀਆਂ ਨੌਕਰੀਆਂ ਖੋਹਣ, ਕੰਮ ਕਰਨ ਵਾਲੀਆਂ ਥਾਵਾਂ ਮਾਪਿਆਂ 'ਤੇ ਤਣਾਅ, ਬੱਚਿਆਂ 'ਤੇ ਪੜ੍ਹਾਈ ਦਾ ਬੋਝ, ਸੰਯੁਕਤ ਪਰਿਵਾਰਾਂ ਦੇ ਟੁੱਟਣ ਕਾਰਨ ਬੱਚਿਆਂ ਅਤੇ ਕਿਸ਼ੋਰਾਂ ਦੀ ਵਧ ਰਹੀ ਇਕੱਲਤਾ ਉਨ੍ਹਾਂ ਨੂੰ ਨਸ਼ਿਆਂ ਵੱਲ ਧੱਕ ਰਹੀ ਹੈ। ਜੇਕਰ ਸਰਕਾਰਾਂ ਅਜੇ ਵੀ ਇਸ ਪ੍ਰਤੀ ਗੰਭੀਰ ਨਾ ਹੋਈਆਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਮਾਨਸਿਕ ਤੌਰ 'ਤੇ ਅਪਾਹਜ ਹੋ ਕੇ ਅਪਰਾਧ ਦਾ ਸ਼ਿਕਾਰ ਹੋ ਜਾਣਗੀਆਂ।

ਕੈਨੇਡੀਅਨ ਪੰਜਾਬੀ ਪੋਸਟ | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਆਓ ! ਜੰਗਲਾਂ ਨੂੰ ਅੱਗ ਲੱਗਣ ਤੋਂ ਬਚਾਈਏ



ਅੱਜ ਕੱਲ ਗਰਮੀ ਦਾ ਮੌਸਮ ਚੱਲ ਰਿਹਾ ਹੈ ਅਤੇ ਤਾਪਮਾਨ ਵੀ ਆਪਣੇ ਸਿਖਰਾਂ 'ਤੇ ਹੈ । ਹਰ ਜੀਵ - ਜੰਤੂ ਤੇ ਪ੍ਰਾਣੀ ਗਰਮੀ ਤੋਂ ਪ੍ਰਭਾਵਿਤ ਹੋਇਆ ਪਿਆ ਹੈ । ਅਜਿਹੇ ਸਮੇਂ ਵਿੱਚ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਅਕਸਰ ਵਾਪਰਨ ਦਾ ਖਦਸ਼ਾ ਰਹਿੰਦਾ ਹੈ , ਜੋ ਕਿ ਬਹੁਤ ਹੀ ਮੰਦਭਾਗਾ ਵਰਤਾਰਾ ਹੈ ; ਕਿਉਂਕਿ ਜੰਗਲਾਂ ਨੂੰ ਅੱਗ ਲੱਗਣ ਨਾਲ ਜਿੱਥੇ ਤਾਪਮਾਨ ਵਿੱਚ ਹੋਰ ਜ਼ਿਆਦਾ ਵਾਧਾ ਹੋ ਜਾਂਦਾ ਹੈ , ਉੱਥੇ ਹੀ ਅੱਗ ਲੱਗਣ ਨਾਲ ਕਈ ਜ਼ਹਿਰੀਲੀਆਂ ਗੈਸਾਂ ਪੈਦਾ ਹੁੰਦੀਆਂ ਹਨ , ਕੁਦਰਤ ਦਾ ਨੁਕਸਾਨ ਹੁੰਦਾ ਹੈ ਤੇ ਨਾਲ ਹੀ ਕਈ ਤਰ੍ਹਾਂ ਦੀਆਂ ਜੀਵ - ਜੰਤੂਆਂ ਦੀਆਂ ਨਸਲਾਂ ਇਸ ਤੋਂ ਪ੍ਰਭਾਵਿਤ ਹੁੰਦੀਆਂ ਹਨ। ਜੰਗਲਾਂ ਨੂੰ ਅਚਾਨਕ ਅੱਗ ਲੱਗਣ ਨਾਲ ਕਈ ਤਰ੍ਹਾਂ ਦੇ ਪੇੜ - ਪੌਦਿਆਂ ਨੂੰ ਭਾਰੀ ਨੁਕਸਾਨ ਹੁੰਦਾ ਹੈ । ਇੱਥੇ ਨਿਵਾਸ ਕਰਨ ਵਾਲੇ ਜੀਵ - ਜੰਤੂਆਂ ਨੂੰ ਵੀ ਮੌਤ ਦੇ ਮੂੰਹ ਵਿੱਚ ਜਾਣਾ ਪੈਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਦੁਰਗਮ ਪਰਸਥਿਤੀਆਂ ਦਾ ਸਾਹਮਣਾ ਮਜਬੂਰੀ ਵੱਸ ਕਰਨਾ ਪੈਂਦਾ ਹੈ । ਕਈ ਵਾਰ ਜਾਨੀ - ਮਾਲੀ ਨੁਕਸਾਨ ਵੀ ਹੋ ਜਾਂਦਾ ਹੈ ਅਤੇ ਲੋਕਾਂ ਦੇ ਘਰ ਅੱਗ ਨਾਲ ਤਬਾਹ ਹੋ ਜਾਂਦੇ । ਜੰਗਲ , ਸੁੱਕੇ ਨਾੜ , ਸੁੱਕੇ ਦਰੱਖਤਾਂ, ਬੂਟਿਆਂ , ਝਾੜੀ ਬੂਟੀਆਂ ਆਦਿ ਨੂੰ ਅੱਗ ਲੱਗਣ ਨਾਲ ਬਹੁਤੇਰੇ ਜੀਵ - ਜੰਤੂ ਨਾ ਚਾਹੁੰਦੇ ਹੋਏ ਵੀ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ ਅਤੇ ਬਹੁਤ ਹੀ ਦੁੱਖ ਭਰੀ ਗੱਲ ਤਾਂ ਇਹ ਹੁੰਦੀ ਹੈ ਕਿ ਇਨ੍ਹਾਂ ਜੀਵ - ਜੰਤੂਆਂ , ਪੰਛੀ - ਪਰਿੰਦਿਆਂ ਦੇ ਅੰਡੇ ਜਾਂ ਛੋਟੇ - ਛੋਟੇ ਅੰਡਿਆਂ ਵਿੱਚੋਂ ਨਿਕਲੇ ਬੱਚੇ ਜਿਨ੍ਹਾਂ ਨੇ ਅਜੇ ਜ਼ਿੰਦਗੀ ਦੇ ਕੁਝ ਪਲ ਹੀ ਦੇਖੇ ਹੁੰਦੇ ਹਨ , ਉਨ੍ਹਾਂ ਉੱਤੇ ਅੱਗ ਮੌਤ ਦਾ ਕਹਿਰ ਵਰਾਉਂਦੀ ਹੋਈ ਆਉਂਦੀ ਹੈ ਅਤੇ ਇਹ ਕੋਮਲ , ਨਾਜ਼ੁਕ , ਬੇ ਆਸਰਾ , ਲਾਚਾਰ ਤੇ ਪ੍ਰੇਸ਼ਾਨ ਛੋਟੇ - ਛੋਟੇ ਪੰਛੀ ਪਰਿੰਦੇ ਅਤੇ ਜੀਵ - ਜੰਤੂਆਂ ਦੇ ਬੱਚੇ ਅਤੇ ਜੀਵ - ਜੰਤੂ ਲੱਗੀ ਹੋਈ ਅੱਗ ਵਿੱਚ ਦੇਖਦੇ ਹੀ ਦੇਖਦੇ ਮਿੰਟਾਂ - ਸਕਿੰਟਾਂ ਵਿੱਚ ਇਸ ਤਰ੍ਹਾਂ ਜਲ ਜਾਂਦੇ ਹਨ , ਜਿਵੇਂ ਭੱਠੀ ਵਿੱਚ ਦਾਣੇ ਭੁੰਨ ਹੋ ਜਾਂਦੇ ਹਨ । ਸਾਡੇ ਵੱਡੇ - ਵਡੇਰਿਆਂ ਤੇ ਮਹਾਂਪੁਰਖਾਂ ਨੇ ਇਹ ਸਿੱਖਿਆ ਦਿੱਤੀ ਹੈ ਕਿ ਜਾਣ - ਬੁੱਝ ਕੇ ਜੰਗਲਾਂ , ਝਾੜੀਆਂ , ਬੂਟੀਆਂ , ਸੁੱਕੇ ਦਰਖਤਾਂ ਆਦਿ ਨੂੰ ਅੱਗ ਲਗਾਉਣਾ ਕੇਵਲ ਪਾਪ ਹੀ ਨਹੀਂ , ਸਗੋਂ ਮਹਾਂਪਾਪ ਮਹਾਂਘੋਰ ਅਪਰਾਧ ਹੈ । ਜਿਸ ਦਾ ਖਮਿਆਜਾ ਕੁਦਰਤ ਵੱਲੋਂ ਮਨੁੱਖ ਨੂੰ ਭੁਗਤਣਾ ਹੀ ਪੈਂਦਾ ਹੈ । ਇਸ ਲਈ ਸਾਨੂੰ ਆਪਣੇ ਪੱਧਰ 'ਤੇ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜੰਗਲਾਂ , ਜੜੀ , ਬੂਟੀਆਂ, ਝਾੜੀਆਂ , ਘਾਹ ਆਦਿ ਨੂੰ ਅੱਗ ਲੱਗਣ ਦੀ ਨੌਬਤ ਹੀ ਨਾ ਆਵੇ । ਸਾਨੂੰ ਆਪਣੇ ਖੇਤਾਂ ਦੇ ਵਿਅਰਥ ਘਾਹ - ਫੂਸ , ਨਾੜ ਆਦਿ ਨੂੰ ਵੀ ਜਲਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਾਂ ਥੋੜ੍ਹੀ - ਬਹੁਤੀ ਅੱਗ ਲਗਾਉਣ ਸਮੇਂ ਵੀ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਅੱਗ ਨਾ ਫੈਲੇ । ਕਈ ਵਾਰ ਸਾਡੇ ਖੇਤਾਂ ਵਿੱਚ ਜਾਂ ਵਣ ਸੰਪਦਾ ਦੇ ਨੇੜੇ ਜਾਂ ਸੁੱਕੇ ਘਾਹ - ਫੂਸ ਦੇ ਕੋਲ ਕਈ ਵਾਰ ਬਿਜਲੀ ਦੀਆਂ ਤਾਰਾਂ ਵਿੱਚੋਂ ਰੌਸ਼ਨੀ ਨਿਕਲਦੀ ਨਜ਼ਰ ਆਉਂਦੀ ਹੈ ਜਾਂ ਬਿਜਲੀ ਦੀਆਂ ਤਾਰਾਂ ਵਿੱਚ ਕੁਝ ਹੋਰ ਨੁਕਸ ਨਜ਼ਰ ਆਉਂਦਾ ਹੈ ਤਾਂ ਸਾਨੂੰ ਫੌਰੀ ਤੌਰ 'ਤੇ ਇਸ ਸੰਬੰਧੀ ਸੰਬੰਧਿਤ ਵਿਭਾਗ ਨੂੰ ਜਾਂ ਆਪਣੇ ਆਲੇ - ਦੁਆਲੇ ਦੇ ਲੋਕਾਂ ਨੂੰ ਸੂਚਿਤ ਕਰ ਦੇਣਾ ਚਾਹੀਦਾ ਹੈ । ਆਪਣੇ ਮਨ ਦੀਆਂ ਭਾਵਨਾਵਾਂ ਅਨੁਸਾਰ ਅਸੀਂ ਕਈ ਵਾਰ ਖੇਤਾਂ ਵਿੱਚ ਖੂਹਾਂ 'ਤੇ ਜਾਂ ਖੇਤਾਂ ਵਿੱਚ ਬਣਾਏ ਹੋਏ ਧਾਰਮਿਕ ਅਸਥਾਨਾਂ 'ਤੇ ਦੀਵੇ ਜਾਂ ਧੂਪ ਆਦਿ ਜਗਾ ਦਿੰਦੇ ਹਾਂ , ਜੋ ਕਿ ਬਾਅਦ ਵਿੱਚ ਤੇਜ਼ ਹਨੇਰੀ ਚੱਲਣ ਆਦਿ ਨਾਲ ਆਲੇ - ਦੁਆਲੇ ਦੇ ਖੇਤਰ ਵਿੱਚ ਅੱਗ ਲੱਗਣ ਦਾ ਕਾਰਨ ਬਣ ਸਕਦਾ ਹੈ । ਇਸ ਬਾਰੇ ਵੀ ਜੇਕਰ ਅਸੀਂ ਥੋੜ੍ਹਾ ਧਿਆਨ ਰੱਖੀਏ ਤਾਂ ਕੋਈ ਵੀ ਮੰਦਭਾਗੀ ਘਟਨਾ ਨਹੀਂ ਵਾਪਰ ਸਕੇਗੀ । ਇਸ ਤੋਂ ਇਲਾਵਾ ਜੇਕਰ ਅਜਿਹੀ ਮੰਦਭਾਗੀ ਘਟਨਾ ਵਾਪਰਦੀ ਹੈ ਤਾਂ ਸਾਡੇ ਕੋਲ ਪਾਣੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਫਾਇਰ ਬ੍ਰਿਗੇਡ ਆਦਿ ਦਾ ਸੰਪਰਕ ਨੰਬਰ ਵੀ ਆਪਣੇ ਕੋਲ ਰੱਖਣਾ ਚਾਹੀਦਾ ਹੈ , ਤਾਂ ਜੋ ਮਾਨਵਤਾ ਦਿਖਾਉਂਦੇ ਹੋਏ ਅਸੀਂ ਬੇਲੋੜੀ ਲੱਗਣ ਵਾਲੀ ਅੱਗ ਤੋਂ ਆਪਣਾ , ਵਾਤਾਵਰਣ ਅਤੇ ਇਨ੍ਹਾਂ ਪੰਛੀ -ਪਰਿੰਦਿਆਂ ਅਤੇ ਜੀਵ - ਜੰਤੂਆਂ ਦਾ ਬਚਾਅ ਕਰ ਸਕੀਏ । ਇਸ ਵਿੱਚ ਹੀ ਸਾਡਾ ਤੇ ਵਾਤਾਵਰਨ ਦਾ ਭਲਾ ਹੋ ਸਕਦਾ ਹੈ । ਇਸ ਤੋਂ ਇਲਾਵਾ ਜੇਕਰ ਅਸੀਂ ਛੋਟੀਆਂ - ਛੋਟੀਆਂ ਗੱਲਾਂ ਦਾ ਧਿਆਨ ਰੱਖੀਏ ਤਾਂ ਵੀ ਸਾਡੇ ਆਲੇ - ਦੁਆਲੇ , ਜੰਗਲ , ਬੂਟੀ , ਆਦਿ ਨੂੰ ਅੱਗ ਲੱਗਣ ਤੋਂ ਬਚਾਇਆ ਜਾ ਸਕਦਾ ਹੈ। ਜਿਵੇਂ ਕਿ ਬੀੜੀ , ਸਿਗਰਟ ਆਦਿ ਪੀਣ ਵਾਲੇ ਵਿਅਕਤੀਆਂ ਨੂੰ ਚਾਹੀਦਾ ਹੈ ਕਿ ਉਹ ਬੀੜੀ - ਸਿਗਰਟ ਦਾ ਉਪਯੋਗ ਕਰਨ ਸਮੇਂ ਮਾਚਿਸ ਦੀ ਤੀਲੀ ਆਦਿ ਨੂੰ ਚੰਗੀ ਤਰ੍ਹਾਂ ਬੁਝਾ ਕੇ ਹੀ ਸੁੱਟਣ ਅਤੇ ਬੀੜੀ - ਸਿਗਰਟ ਦੀ ਵਰਤੋਂ ਕਰਨ ਤੋਂ ਬਾਅਦ ਉਸ ਨੂੰ ਚੰਗੀ ਤਰ੍ਹਾਂ ਬੁਝਾ ਕੇ ਹੀ ਸੁੱਟਣ। ਜਿਹੜੇ ਘਰਾਂ ਵਿੱਚ , ਹੋਟਲਾਂ , ਢਾਬਿਆਂ , ਦੁਕਾਨਾਂ ਆਦਿ ਵਿੱਚ ਕੋਲੇ, ਪੱਥਰ ਦੇ ਕੋਲੇ ਜਾਂ ਲੱਕੜ ਦੇ ਬਾਲਣ ਦਾ ਪ੍ਰਯੋਗ ਹੁੰਦਾ ਹੈ, ਉਨ੍ਹਾਂ ਨੂੰ ਇਹ ਧਿਆਨ ਰੱਖਣਾ ਬਣਦਾ ਹੈ ਕਿ ਗਰਮੀਆਂ ਵਿੱਚ ਹਨੇਰੀਆਂ ਕਾਫੀ ਆਉਂਦੀਆਂ ਹਨ , ਇਸ ਲਈ ਉਹ ਲੱਕੜ ਦੀ ਅੱਗ, ਕੋਲਿਆਂ ਦੀ ਅੱਗ ਨੂੰ ਉਪਯੋਗ ਕਰਨ ਤੋਂ ਬਾਅਦ ਚੰਗੀ ਤਰ੍ਹਾਂ ਢੱਕ ਕੇ ਰੱਖਣ ਖਾਸ ਤੌਰ 'ਤੇ ਰਾਤ ਨੂੰ , ਤਾਂ ਜੋ ਹਨੇਰੀ ਆਦਿ ਆਉਣ ਦੀ ਸੂਰਤ ਵਿੱਚ ਇਹ ਅੱਗ ਉੱਡ ਕੇ ਨੇੜੇ - ਤੇੜੇ ਜੰਗਲ , ਬੂਟੀ , ਘਾਹ ਜਾਂ ਕਿਸੇ ਦੀ ਝੁੱਗੀ - ਝੌਂਪੜੀ , ਕੁੱਪ , ਕੁੰਨੂੰ ਆਦਿ ਨੂੰ ਨੁਕਸਾਨ ਨਾ ਪਹੁੰਚਾ ਸਕੇ। ਇਸ ਤੋਂ ਇਲਾਵਾ ਆਪਣੇ ਆਲੇ - ਦੁਆਲੇ ਘਾਹ - ਬੂਟੀ ਆਦਿ ਨੂੰ ਸਾਫ਼ - ਸਫ਼ਾਈ ਦੇ ਤੌਰ 'ਤੇ ਅੱਗ ਲਗਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ; ਕਿਉਂਕਿ ਗਰਮੀਆਂ ਦੇ ਦਿਨਾਂ ਵਿੱਚ ਸਾਫ਼ - ਸਫ਼ਾਈ ਦੇ ਤੌਰ 'ਤੇ ਲਗਾਈ ਹੋਈ ਅੱਗ ਕਦੋਂ ਅਚਾਨਕ ਫੈਲ ਜਾਵੇ ਇਸ ਦਾ ਪਤਾ ਹੀ ਨਹੀਂ ਚੱਲਦਾ। ਸੋ ਬਿਹਤਰ ਇਹੋ ਹੋਵੇਗਾ ਕਿ ਕਿਸੇ ਵੀ ਦੁਰਘਟਨਾ ਲਈ ਦੂਸਰੇ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਪਹਿਲਾਂ ਅਸੀਂ ਆਪ ਸੁਚੇਤ ਹੋ ਜਾਈਏ ਅਤੇ ਉਸ ਦੇ ਬਚਾਅ ਦੇ ਲਈ ਯਥਾਸੰਭਵ ਉਪਰਾਲੇ ਕਰੀਏ ਅਤੇ ਮਾਨਵਤਾ ਧਰਮ ਨਿਭਾਈਏ । ਇਹੋ ਇਨਸਾਨੀਅਤ ਹੈ ਤੇ ਇਹੋ ਕੁਦਰਤ ਨਾਲ ਸੱਚਾ ਪਿਆਰ ਹੈ ।




ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ

# ਲਾਹੌਰ ਦੀਆਂ ਇਤਿਹਾਸਕ ਇਮਾਰਤਾਂ ਵੇਖੀਆਂ ਤੇ ਪ੍ਰੋ. ਆਸ਼ਿਕ ਰਹੀਲ ਦੇ ਘਰ ਕੀਤਾ ਡਿਨਰ

## ਮੇਰੀ ਪਾਕਿਸਤਾਨ ਫੇਰੀ-10

ਡਾ. ਸੁਖਦੇਵ ਸਿੰਘ ਝੰਡ, +1 97798 80184




ਲਾਹੌਰ ਵਿੱਚ ਦਸਵੇਂ ਦਿਨ ਸਾਡਾ ਪ੍ਰੋਗਰਾਮ ਇੱਥੋਂ ਦੀਆਂ ਇਤਿਹਾਸਕ ਇਮਾਰਤਾਂ ਦੇ ਦਰਸ਼ਨ ਕਰਨ ਦਾ ਸੀ। ਰਾਤ ਦੇ ਖਾਣੇ ਲਈ ਸਾਨੂੰ ਪ੍ਰੋ. ਆਸ਼ਿਕ ਰਹੀਲ ਹੁਰਾਂ ਵੱਲੋਂ ਪਹਿਲਾਂ ਹੀ ਸੱਦਾ ਮਿਲ ਚੁੱਕਾ ਸੀ। ਪ੍ਰੋ. ਆਸ਼ਿਕ ਰਹੀਲ ਸਾਹਿਬ ਗੌਰਮਿੰਟ ਕਾਲਜ ਲਾਹੌਰ ਵਿਚੋਂ ਮੈਥੇਮੈਟਿਕਸ ਦੇ ਪ੍ਰੋਫੈਸਰ ਵਜੋਂ ਸੇਵਾ-ਮੁਕਤ ਹੋਏ ਹਨ ਅਤੇ ਹਿਸਾਬ ਵਰਗੇ ਖੁਸ਼ਕ ਸਬਜੈਕਟ ਦੇ ਪ੍ਰਾ-ਅਧਿਆਪਕ ਹੁੰਦਿਆਂ ਹੋਇਆਂ ਵੀ ਉਰਦੂ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿੱਚ ਹੀ ਬਹੁਤ ਵਧੀਆ ਗ਼ਜ਼ਲ ਲਿਖਦੇ ਹਨ। ਉਨ੍ਹਾਂ ਨਾਲ ਮੇਰੀ ਮੁਲਾਕਾਤ 8-9 ਸਾਲ ਪਹਿਲਾਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਹੋਈ ਜਦੋਂ ਉਹ ਪਿਛਲੇ 11 ਸਾਲ ਤੋਂ ਸਾਡੇ ਕੁਝ ਦੋਸਤਾਂ ਵੱਲੋਂ ਮਿਲ ਕੇ ਪੂਰਨ ਲਗਾਤਾਰਤਾ ਨਾਲ ਚਲਾਈ ਜਾ ਰਹੀ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੀ ਇੱਕ ਮਹੀਨਾਵਾਰ ਇਕੱਤਰਤਾ ਵਿੱਚ ਆਏ ਸਨ ਅਤੇ ਉੱਥੇ ਉਨ੍ਹਾਂ ਨੇ ਛੋਟੀ ਬਹਿਰ ਵਿੱਚ ਆਪਣੀ ਪੰਜਾਬੀ ਦੀ ਇੱਕ ਖ਼ੂਬਸੂਰਤ ਗ਼ਜ਼ਲ ਸੁਣਾਈ ਸੀ ਜਿਸ ਨੂੰ ਸਰੋਤਿਆਂ ਵੱਲੋਂ ਭਰਪੂਰ ਦਾਦ ਮਿਲੀ ਸੀ। ਇਨ੍ਹਾਂ ਸਤਰਾਂ ਦਾ ਲੇਖਕ ਵੀ ਇਸ ਸੰਸਥਾ ਦੇ ਪ੍ਰਬੰਧਕਾਂ ਵਿੱਚ ਸ਼ਾਮਲ ਸੀ ਅਤੇ ਅਸੀਂ ਸਾਰਿਆਂ ਨੇ ਉਨ੍ਹਾਂ ਨੂੰ ਹਰ ਮਹੀਨੇ ਤੀਸਰੇ ਐਤਵਾਰ ਵਾਲੇ ਦਿਨ ਹੋਣ ਵਾਲੀ ਸਭਾ ਦੀ ਇਕੱਤਰਤਾ ਵਿੱਚ ਆਉਣ ਲਈ ਬੇਨਤੀ ਕੀਤੀ। ਸਾਡੀ ਇਸ ਬੇਨਤੀ ਨੂੰ ਉਨ੍ਹਾਂ ਨੇ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਫਿਰ ਉਹ ਸਭਾ ਦੀਆਂ ਮਹੀਨਾਵਾਰ ਮੀਟਿੰਗਾਂ ਵਿੱਚ ਨਿਰੰਤਰ ਹਾਜ਼ਰੀ ਭਰਦੇ ਰਹੇ, ਬਾਸ਼ਰਤੇ ਕਿ ਉਹ ਬਰੈਂਪਟਨ ਵਿੱਚ ਹੋਣ।

ਪ੍ਰੋ. ਆਸ਼ਿਕ ਰਹੀਲ ਹੁਰਾਂ ਦੇ ਚਾਰ ਪੁੱਤਰਾਂ ਵਿੱਚੋਂ ਦੋ ਬਰੈਂਪਟਨ ਵਿੱਚ ਰਹਿੰਦੇ ਹਨ, ਇੱਕ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚ ਹੈ ਅਤੇ ਇੱਕ ਲਾਹੌਰ ਵਿੱਚ ਹੈ। ਉਹ ਆਪਣੀ ਬੇਗ਼ਮ ਸਾਹਿਬਾਂ ਦੇ ਨਾਲ ਸਾਰਿਆਂ ਕੋਲ ਵਾਰੋ-ਵੱਟੀ ਜਾਂਦੇ ਰਹਿੰਦੇ ਹਨ। ਗਰਮੀਆਂ ਦੇ ਪੰਜ-ਛੇ ਮਹੀਨੇ ਉਹ ਅਕਸਰ ਕੈਨੇਡਾ ਜਾਂ ਅਮਰੀਕਾ ਵਿੱਚ ਗੁਜ਼ਾਰਦੇ ਹਨ ਅਤੇ ਸਰਦੀਆਂ ਵਿੱਚ ਲਾਹੌਰ ਆ ਜਾਂਦੇ ਹਨ। ਇਨ੍ਹੀਂ ਦਿਨੀਂ ਵੀ ਉਹ ਲਾਹੌਰ ਆਏ ਹੋਏ ਸਨ।

ਬਰੈਂਪਟਨ ਹੁੰਦਿਆਂ ਹੀ ਮੈਂ ਉਨ੍ਹਾਂ ਨੂੰ ਫ਼ਰਵਰੀ ਮਹੀਨੇ ਦੌਰਾਨ ਲਾਹੌਰ ਜਾਣ ਦੇ ਆਪਣੇ ਪ੍ਰੋਗਰਾਮ ਬਾਰੇ ਦੱਸਿਆ ਹੋਇਆ ਸੀ ਅਤੇ ਉਨ੍ਹਾਂ ਨੇ ਉੱਥੇ ਹੀ ਮੈਨੂੰ ਆਪਣੇ ਲਾਹੌਰ ਵਾਲੇ ਘਰ ਆਉਣ ਦਾ ਸੱਦਾ ਦਿੱਤਾ ਹੋਇਆ ਸੀ। ਲਾਹੌਰ ਪਹੁੰਚ ਕੇ ਸਾਡੇ ਮੇਜ਼ਬਾਨ ਅਹਿਮਦ ਰਜ਼ਾ ਦੇ ਦੋਸਤ ਤਾਰਿਕ ਜਟਾਲਾ ਦੇ ਘਰ ਤਿੰਨ ਦਿਨ ਪਹਿਲਾਂ ਹੋਈ ਖਾਣੇ ਦੀ ਦਾਅਵਤ ਵਿੱਚ ਪ੍ਰੋ. ਆਸ਼ਿਕ ਰਹੀਲ ਵੀ ਸ਼ਾਮਲ ਹੋਏ ਸਨ ਅਤੇ ਉੱਥੇ ਵੀ ਉਨ੍ਹਾਂ ਨੇ ਆਪਣੀ ਉਰਦੂ ਤੇ ਪੰਜਾਬੀ ਦੀ ਸ਼ਾਇਰੀ ਦਾ ਖ਼ੂਬਸੂਰਤ ਰੰਗ ਬਾਖ਼ੂਬੀ ਬਖੇਰਿਆ ਸੀ। ਸ਼ਾਹਮੁਖੀ ਲਿਪੀ ਦੇ ਇਲਾਵਾ ਉਹ ਗੁਰਮੁਖੀ ਵਿਚ ਵੀ ਲਿਖਣਾ ਪੜ੍ਹਨਾ ਜਾਣਦੇ ਹਨ ਅਤੇ ਗੁਰਮੁਖੀ ਅੱਖਰਾਂ ਵਿੱਚ ਛਪੀਆਂ ਪੰਜਾਬੀ ਦੀਆਂ ਕਈ ਮਹੱਤਵਪੂਰਨ ਕਿਤਾਬਾਂ ਦਾ ਲਿਪੀਅਂਤਰ ਸ਼ਾਹਮੁਖੀ ਵਿੱਚ ਕਰ ਚੁੱਕੇ ਹਨ। ਏਸੇ ਤਰ੍ਹਾਂ ਉਨ੍ਹਾਂ ਨੇ ਕਈ ਸ਼ਾਹਮੁਖੀ 'ਚ ਛਪੀਆਂ ਕਿਤਾਬਾਂ ਨੂੰ ਵੀ ਗੁਰਮੁਖੀ ਅੱਖਰਾਂ ਵਿੱਚ ਛਪਣ ਲਈ ਤਿਆਰ ਕੀਤਾ ਹੈ। ਇਸ ਤਰ੍ਹਾਂ ਉਹ ਇੱਕ ਵਧੀਆ ਸ਼ਾਇਰ ਹੋਣ ਦੇ ਨਾਲ਼ ਨਾਲ਼ ਲਿਪੀਆਂਤਰ-ਕਰਤਾ ਦੇ ਰੂਪ ਵਿਚ ਵੀ ਪੰਜਾਬੀ ਬੋਲੀ ਦੀ ਬਹੁਮੁੱਲੀ ਸੇਵਾ ਕਰ ਰਹੇ ਹਨ। ਬਰੈਂਪਟਨ ਦੇ ਪੰਜਾਬੀ ਹਲਕਿਆਂ ਵਿੱਚ ਉਨ੍ਹਾਂ ਦਾ ਚੋਖਾ ਮਾਣ-ਸਤਿਕਾਰ ਹੈ।

### ਲਾਹੌਰ ਦੇ ਹੋਟਲ 'ਚ ਮਨਾਈ ਵਿਆਹ ਦੀ 45'ਵੀਂ ਵਰ੍ਹੇ-ਗੰਢ

25 ਫ਼ਰਵਰੀ ਨੂੰ ਸਾਡੇ ਵਿਆਹ ਦੀ 45'ਵੀਂ ਵਰ੍ਹੇ-ਗੰਢ ਸੀ ਅਤੇ ਇਸ ਦਿਨ ਸਬੱਬ ਨਾਲ ਅਸੀਂ ਲਾਹੌਰ ਵਿੱਚ ਸੀ। ਸਵੇਰੇ ਉੱਠਦਿਆਂ ਹੀ ਅਸੀਂ ਇੱਕ-ਦੂਸਰੇ ਨੂੰ ਨਿੱਘੀ ਗਲ਼ਵੱਕੜੀ ਨਾਲ ਵਿਆਹ ਦੀ ਵਰ੍ਹੇ-ਗੰਢ ਦੀ ਮੁਬਾਰਕਬਾਦ ਦਿੱਤੀ। ਭੈਣ ਗੁਰਚਰਨ ਤੇ ਜੀਜਾ ਜੀ ਸੁਖਵਿੰਦਰ ਸਿੰਘ ਬਿੰਦ ਨੂੰ ਵੀ ਸਾਡੇ ਜੀਵਨ ਦਾ ਇਹ ਮਹੱਤਵਪੂਰਨ ਦਿਨ ਯਾਦ ਸੀ। ਉਨ੍ਹਾਂ ਨੇ ਵੀ ਸਵੇਰੇ ਹੀ ਸਾਡੇ ਕਮਰੇ 'ਤੇ ਆ ਦਸਤਕ ਦਿੱਤੀ ਅਤੇ ਸਾਨੂੰ ਇਸ ਦਿਨ ਦੀ ਵਧਾਈ ਦਿੱਤੀ। ਨੌਂ ਕੁ ਵਜੇ ਸਾਡੇ ਮੇਜ਼ਬਾਨ ਸਾਨੂੰ ਲੈਣ ਲਈ ਹੋਟਲ ਪਹੁੰਚੇ ਤਾਂ ਸੁਖਵਿੰਦਰ ਨੇ ਉਨ੍ਹਾਂ ਨੂੰ ਜਦੋਂ ਇਸ ਦੇ ਬਾਰੇ ਦੱਸਿਆ ਤਾਂ ਅਹਿਮਦ ਰਜ਼ਾ ਨੇ ਓਸੇ ਵੇਲੇ ਆਪਣੇ ਬਟੂਏ ਵਿੱਚੋਂ ਹਜ਼ਾਰ ਰੁਪਏ ਵਾਲੇ ਦੋ-ਤਿੰਨ ਨੋਟ ਕੱਢੇ ਅਤੇ ਆਪਣੇ ਸਾਥੀਆਂ ਸੁਹੇਲ ਤੇ ਫੈਸਲ ਨੂੰ ਫੜਾਉਂਦਿਆਂ ਕਹਿਣ ਲੱਗੇ, "ਫ਼ਟਾਫਟ ਜਾਓ ਅਤੇ ਬੁਕੇ ਤੇ ਕੇਕ ਲੈ ਕੇ ਆਓ।" ਨਾਲ ਹੀ ਉਨ੍ਹਾਂ ਦੀਪ ਸਈਦਾ ਨੂੰ ਵੀ ਜਲਦੀ ਹੋਟਲ ਪਹੁੰਚਣ ਲਈ ਫੋਨ ਖੜਕਾ ਦਿੱਤਾ। ਦੀਪ ਨੇ ਉਂਜ ਵੀ ਕਿਸੇ ਦਿਨ ਸਾਡੇ ਕੋਲ ਹੋਟਲ ਆਉਣਾ ਸੀ, ਕਿਉਂਕਿ ਭੈਣ ਗੁਰਚਰਨ ਨੇ ਉਨ੍ਹਾਂ ਦੇ ਨਾਲ ਇੰਟਰਵਿਊ ਆਪਣੇ ਚੈਨਲ 'ਪੰਜਾਬੀ ਨੈਸ਼ਨਲ ਟੀ. ਵੀ.' ਲਈ ਰਿਕਾਰਡ ਕਰਨੀ ਸੀ। ... ਤੇ ਉਨ੍ਹਾਂ ਲਈ ਤਾਂ ਅੱਜ 'ਇਕ ਪੰਥ ਦੋ ਕਾਜ' ਵਾਲੀ ਗੱਲ ਬਣ ਗਈ ਸੀ।

ਪਾਠਕਾਂ ਦੀ ਜਾਣਕਾਰੀ ਲਈ ਇੱਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਦੀਪ ਜੀ ਲਹਿੰਦੇ ਪੰਜਾਬ ਵਿੱਚ ਔਰਤਾਂ ਦੇ ਮਰਦਾਂ ਦੇ ਬਰਾਬਰ ਹੱਕਾਂ ਲਈ ਅਤੇ ਪੰਜਾਬੀ ਨੂੰ ਸਰਕਾਰੀ ਭਾਸ਼ਾ ਵਜੋਂ ਮਾਨਤਾ ਦਿਵਾਉਣ ਲਈ ਆਪਣੇ ਸਾਥੀਆਂ ਦੇ ਨਾਲ ਮਿਲ ਕੇ ਪਿਛਲੇ ਕਾਫੀ ਸਮੇਂ ਤੋਂ ਜੱਦੋਜਹਿਦ ਕਰ ਰਹੇ ਹਨ। ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਭਾਵੇਂ ਅਜੇ ਤੱਕ ਬੂਰ ਨਹੀਂ ਪਿਆ ਪਰ ਇਸ ਦੇ ਲਈ ਉਹ ਪੂਰੇ ਆਸਵੰਦ ਹਨ। ਕਿਸੇ ਵੀ ਸ਼ਖ਼ਸ ਦੇ ਨਾਲ ਹੋ ਰਹੀ ਬੇਇਨਸਾਫੀ ਦੇ ਵਿਰੁੱਧ ਉਹ ਡਟ ਕੇ ਖਲੋ ਜਾਂਦੇ ਹਨ ਅਤੇ ਉਸ ਦੇ ਲਈ ਪੂਰਾ ਪਹਿਰਾ ਦਿੰਦੇ ਹਨ। ਇਸ ਦੇ ਲਈ ਭਾਵੇਂ ਉਨ੍ਹਾਂ ਨੂੰ ਥਾਣਿਆਂ ਤੇ ਕਚਹਿਰੀਆਂ ਵਿੱਚ ਵੀ ਕਿਉਂ ਨਾ ਜਾਣਾ ਪਵੇ। ਉਹ ਦੱਸਦੇ ਹਨ ਕਿ ਉਨ੍ਹਾਂ ਦਾ ਅੱਧਾ ਕੁ ਸਮਾਂ ਤਾਂ ਅਜਿਹੇ ਕੰਮਾਂ ਵਿੱਚ ਹੀ ਲੰਘ ਜਾਂਦਾ ਹੈ।

ਅੱਧੇ ਕੁ ਘੰਟੇ ਵਿੱਚ ਸੁਹੇਲ ਤੇ ਫੈਸਲ ਲੋੜੀਂਦਾ ਸਮਾਨ ਲੈ ਕੇ ਕਮਰੇ ਵਿੱਚ ਆ ਗਏ। ਏਨੇ ਨੂੰ ਦੀਪ ਸਈਦਾ ਜੋ ਇਸ ਤੋਂ ਪਹਿਲਾਂ ਲਾਹੌਰ ਵਿੱਚ ਤਿੰਨ-ਚਾਰ ਵਾਰ ਵੱਖ-ਵੱਖ ਪ੍ਰੋਗਰਾਮਾਂ ਵਿੱਚ ਸਾਨੂੰ ਮਿਲ ਚੁੱਕੇ ਸਨ, ਵੀ ਸੇਬਾਂ, ਸੰਤਰਿਆਂ ਤੇ ਅਨਾਰਾਂ ਨਾਲ ਭਰਿਆ ਇੱਕ ਵੱਡਾ ਸਾਰਾ ਥੈਲਾ ਫੜੀ ਆ ਗਏ। ਆਉਂਦਿਆਂ ਹੀ ਉਨ੍ਹਾਂ ਸਾਨੂੰ ਦੋਹਾਂ ਨੂੰ ਗਲਵੱਕੜੀ ਵਿਚ ਲੈਂਦਿਆਂ ਵਿਆਹ ਦੀ ਮੁਬਾਰਕਬਾਦ ਦਿੱਤੀ। ਰਜ਼ਾ ਤੇ ਦੀਪ ਦੋਹਾਂ ਨੇ ਵਧਾਈ ਦਿੰਦਿਆਂ ਹੋਇਆਂ ਸਾਨੂੰ ਖ਼ੂਬਸੂਰਤ ਬੁਕੇ ਪੇਸ਼ ਕੀਤੇ ਅਤੇ ਸਾਰਿਆਂ ਨੇ ਤਾੜੀਆਂ ਵਜਾ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਫਿਰ ਸਾਨੂੰ ਕੇਕ ਕੱਟਣ ਦਾ ਹੁਕਮ ਹੋਇਆ ਜਿਸ ਦੀ ਤਾਮੀਲ ਕਰਦਿਆਂ ਅਸੀਂ ਦੋਹਾਂ ਨੇ ਕੇਕ ਕੱਟਿਆ ਅਤੇ ਸਾਰਿਆਂ ਨੇ ਵਾਰੀ-ਵਾਰੀ ਸਾਡਾ ਮੂੰਹ ਮਿੱਠਾ ਕਰਵਾਇਆ। ਉਪਰੰਤ, ਸਾਰਿਆਂ ਨੇ ਮਿਲ ਕੇ ਕੇਕ ਛਕਿਆ ਅਤੇ ਹੇਠਾਂ ਹੋਟਲ ਦੀ ਮੈੱਸ ਤੋਂ ਆਰਡਰ ਕੀਤੀ ਹੋਈ ਚਾਹ ਪੀਤੀ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਗੁਰ-ਚਰਨ ਨੇ ਦੀਪ ਹੁਰਾਂ ਨਾਲ ਆਪਣੇ 'ਪੰਜਾਬੀ ਨੈਸ਼ਨਲ ਟੀ.ਵੀ. ਚੈਨਲ' ਲਈ ਇੰਟਰਵਿਊ ਕਰਨੀ ਸੀ, ਉਹ ਦੋਵੇਂ ਕੈਮਰਾਮੈਨ ਫੈਸਲ ਅਲੀ ਨੂੰ ਨਾਲ ਲੈ ਕੇ ਹੋਟਲ ਦੀ ਲਾਬੀ ਦੀ ਇੱਕ ਨੁੱਕਰੇ ਡੱਠੀਆਂ ਕੁਰਸੀਆਂ 'ਤੇ ਸੱਜ ਗਈਆਂ ਅਤੇ ਆਪਣਾ ਕੰਮ ਸ਼ੁਰੂ ਕਰ ਦਿੱਤਾ। ਅਸੀਂ ਕਮਰੇ ਵਿੱਚ ਬੈਠ ਕੇ ਗੱਪਸ਼ੱਪ ਮਾਰਦੇ ਰਹੇ। ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਸਿਆਸਤ ਦੀਆਂ ਗੱਲਾਂ ਚੱਲ ਪਈਆਂ। ਰਜ਼ਾ ਨੇ ਦੱਸਿਆ ਕਿ ਇੱਥੇ ਸਿਆਸਤ 'ਤੇ ਆਰਮੀ ਦਾ ਪੂਰਾ ਦਬਦਬਾ ਹੈ ਅਤੇ ਕੋਈ ਵੀ ਚੱਜ ਦੀ ਗੱਲ ਫੌਜੀ ਜਨਰਲਾਂ ਨੂੰ ਪੁੱਛੇ ਬਿਨਾਂ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਇਸ ਪੱਖੋਂ ਤੁਸੀਂ ਸਾਡੇ ਨਾਲੋਂ ਹਜ਼ਾਰ ਦਰਜੇ ਬੇਹਤਰ ਹੋ। ਘੱਟੋ-ਘੱਟ ਤੁਹਾਨੂੰ ਬੋਲਣ ਦੀ ਆਜ਼ਾਦੀ ਤਾਂ ਹੈ। ਇਸਦੇ ਨਾਲ ਹੀ ਪਾਕਿਸਤਾਨ ਵਿੱਚ ਲਗਾਤਾਰ ਵੱਧ ਰਹੀ ਮਹਿੰਗਾਈ ਅਤੇ ਅਮੀਰ-ਗ਼ਰੀਬ ਦੇ ਵਿਚਕਾਰ ਵੱਧ ਰਹੇ 'ਪਾੜੇ' ਬਾਰੇ ਵੀ ਗੱਲਾਂ-ਬਾਤਾਂ ਸਾਂਝੀਆਂ ਹੋਈਆਂ। ਇਹ ਸਿਲਸਿਲਾ ਉਦੋਂ ਹੀ ਟੁੱਟਿਆ ਜਦੋਂ ਦੀਪ ਤੇ ਗੁਰਚਰਨ ਇੰਟਰਵਿਊ ਤੋਂ ਵਿਹਲੀਆਂ ਹੋ ਕੇ ਕਮਰੇ ਵਿੱਚ ਵਾਪਸ ਆਈਆਂ।

ਹੋਟਲ ਵਿੱਚ ਸਾਰਿਆਂ ਨੇ ਮਿਲ ਕੇ ਲੰਚ ਕੀਤਾ। ਦੀਪ ਜੀ ਨੇ ਆਪਣੇ ਕਿਸੇ ਹੋਰ ਜ਼ਰੂਰੀ ਕੰਮ ਲਈ ਜਾਣਾ ਸੀ। ਉਨ੍ਹਾਂ ਸਾਡੇ ਕੋਲੋਂ ਛੁੱਟੀ ਲਈ ਅਤੇ ਅਸੀਂ 'ਸੱਤੇ ਜਣੇ' (ਚਾਰ ਮਹਿਮਾਨ ਤੇ ਤਿੰਨ ਮੇਜ਼ਬਾਨ) ਪੁਰਾਣੇ ਲਾਹੌਰ ਵਿਚਲੀਆਂ ਦਿਲਚਸਪ ਇਤਿਹਾਸਕ ਥਾਵਾਂ ਤੇ ਇਮਾਰਤਾਂ ਵੇਖਣ ਲਈ ਚੱਲ ਪਏ। ਸੱਭ ਤੋਂ ਪਹਿਲਾਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਕਰੀਬੀ ਸਾਥੀ ਸਾਈਂ ਮੀਆਂ ਮੀਰ ਜੀ, ਜਿਨ੍ਹਾਂ ਕੋਲੋਂ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਰਖਵਾਈ ਸੀ, ਦੀ ਪਵਿੱਤਰ ਦਰਗਾਹ 'ਤੇ ਜਾ ਕੇ ਮੱਥਾ ਟੇਕਿਆ। ਇੱਥੇ ਲਾਹੌਰ ਦੇ ਮਸ਼ਹੂਰ ਟੀ.ਵੀ. 'ਪੰਜਾਬੀ ਲਹਿਰ' ਦੇ ਸੰਚਾਲਕ ਨਾਸਰ ਢਿੱਲੋਂ ਅਚਾਨਕ ਹੀ ਮਿਲ ਪਏ ਅਤੇ ਉਨ੍ਹਾਂ ਨਾਲ ਕਾਫੀ ਦਿਲਚਸਪ ਗੱਲਬਾਤ ਹੋਈ। ਅੱਗੇ ਰਸਤੇ ਵਿਚ ਜਾਂਦਿਆਂ ਲਾਹੌਰ ਦੇ ਮਸ਼ਹੂਰ 'ਮਾਇਓ ਹਸਪਤਾਲ' ਦੀ ਵਿਸ਼ਾਲ ਇਮਾਰਤ ਦਿਖਾਈ ਦਿੱਤੀ। 'ਸਰ ਗੰਗਾ ਰਾਮ ਹਸਪਤਾਲ' ਦੀ ਇਮਾਰਤ ਵੀ ਵੇਖੀ। ਕੁਝ ਹੋਰ ਅੱਗੇ ਜਾ ਕੇ ਦਿਆਲ ਸਿੰਘ ਕਾਲਜ, ਦਿਆਲ ਸਿੰਘ ਪਬਲਿਕ ਲਾਇਬ੍ਰੇਰੀ ਅਤੇ ਲਾਹੌਰ ਮਿਊਜ਼ੀਅਮ ਦੀਆਂ ਇਮਾਰਤਾਂ ਵੀ ਬਾਹਰੋਂ ਹੀ ਵੇਖਣ ਨੂੰ ਮਿਲੀਆਂ। ਉਸ ਦਿਨ ਐਤਵਾਰ ਹੋਣ ਕਰਕੇ ਇਹ ਤਿੰਨੇ ਮਹਾਨ ਅਦਾਰੇ ਬੰਦ ਸਨ ਅਤੇ ਅਸੀਂ ਅੰਦਰ ਜਾ ਕੇ ਇਨ੍ਹਾਂ ਦੇ ਨੇੜਿਉਂ ਦਰਸ਼ਨ ਨਹੀਂ ਕਰ ਸਕੇ ਸਾਂ। ਸਾਡੇ ਲਈ ਏਨਾ ਹੀ ਬਹੁਤ ਸੀ ਕਿ ਅਸੀਂ ਇਨ੍ਹਾਂ ਨੂੰ ਦੂਰੋਂ ਹੀ ਤੱਕ ਕੇ ਇਨ੍ਹਾਂ ਦੇ ਸਿਰਜਣ-ਹਾਰਿਆਂ ਨੂੰ ਨਮਸਕਾਰ ਕਰ ਸਕੇ ਸਾਂ। ਸਾਡੇ ਲਈ ਇਹ ਹੈਰਾਨੀ ਵਾਲੀ ਗੱਲ ਸੀ ਕਿ ਏਨੇ ਸਾਲ ਪੁਰਾਣੇ ਇਨ੍ਹਾਂ ਅਦਾਰਿਆਂ ਦੇ ਨਾਂ ਉਂਜ ਦੇ ਉਂਜ ਹੀ ਕਾਇਮ ਹਨ। ਸਾਡੇ 'ਭਾਰਤ ਦੇਸ਼ ਮਹਾਨ' ਵਿੱਚ ਤਾਂ ਅਜਿਹੇ 70-80 ਫੀਸਦੀ ਅਦਾਰਿਆਂ ਦੇ ਨਾਂ ਬਦਲ ਕੇ ਉਨ੍ਹਾਂ ਦਾ ਸੰਪੂਰਨ 'ਭਾਰਤੀਕਰਣ' ਕਰ ਦਿੱਤਾ ਗਿਆ ਹੈ। ਹੋਰ ਤਾਂ ਹੋਰ, ਕਈ ਵੱਡੇ-ਵੱਡੇ ਸ਼ਹਿਰਾਂ ਦੇ ਵੀ ਨਾਂ ਬਦਲ ਕੇ 'ਮੁੰਬਈ', 'ਚੈਨਈ', 'ਕੋਲਕਾਤਾ, 'ਬੈਂਗਲੂਰੂ' ਆਦਿ ਕਰ ਦਿੱਤੇ ਗਏ ਹਨ ਜੋ ਥੋੜ੍ਹੇ ਕੀਤਿਆਂ ਲੋਕਾਂ ਦੇ ਮੂੰਹਾਂ 'ਤੇ ਵੀ ਨਹੀਂ ਚੜ੍ਹ ਰਹੇ। ਇਸ ਦੇ ਨਾਲ ਹੀ ਅਸੀਂ ਦਿਆਲ ਸਿੰਘ ਪਬਲਿਕ ਲਾਇਬ੍ਰੇਰੀ ਦੇ ਸਾਹਮਣੇ ਲੱਗੀ ਹੋਈ ਇੱਕ ਸਾਫ਼ ਜਿਹੀ ਦਿਸਦੀ ਰੇੜ੍ਹੀ ਤੋਂ ਗੋਲ਼ਗੱਪਿਆਂ ਦਾ ਭਰਪੂਰ ਅਨੰਦ ਵੀ ਮਾਣਿਆ।

ਇਸ ਤੋਂ ਬਾਅਦ ਸਾਡਾ ਵਿਚਾਰ ਪੰਜਾਬ ਯੂਨੀਵਰਸਿਟੀ ਲਾਹੌਰ ਦਾ ਪੁਰਾਣਾ ਕੈਂਪਸ ਵੇਖਣ ਦਾ ਸੀ। ਸੋ ਗੋਲ਼ਗੱਪੇ ਖਾ ਕੇ ਗੱਡੀ ਓਧਰ ਨੂੰ ਪਾ ਲਈ। ਇਹ ਕੈਂਪਸ ਨੂੰ 'ਲਾਹੌਰ ਓਰੀਐਂਟਲ ਕਾਲਜ' ਦੇ ਨਾਂ ਨਾਲ ਵੀ ਜਾਣਿਆਂ ਜਾਂਦਾ ਹੈ ਅਤੇ ਇੱਥੇ ਅੱਜਕੱਲ੍ਹ 'ਲਾਹੌਰ ਕਾਲਜ ਆਫ਼ ਫਾਰਮੇਸੀ' ਸਫ਼ਲਤਾ ਪੂਰਵਕ ਚੱਲ ਰਿਹਾ ਹੈ। ਇਸ ਕਾਲਜ ਦੇ ਗੇਟ ਦੇ ਖੱਬੇ ਪਾਸੇ ਸੜਕ ਦੇ ਕਿਨ-ਾਰੇ 'ਤੇ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪਹਿਲੇ ਵਾਈਸ-ਚਾਂਸਲਰ ਅਲਫ਼ਰਡ ਮਾਰਸ਼ਲ ਦਾ ਕਾਲੇ ਪੱਥਰ ਵਿਚ ਤਰਾਸ਼ਿਆ ਹੋਇਆ ਆਦਮ-ਕੱਦ ਬੁੱਤ ਲੱਗਾ ਹੋਇਆ ਹੈ ਜੋ ਉੱਤਰੀ ਭਾਰਤ ਦੇ ਇਸ ਖਿੱਤੇ ਵਿਚ 1882 ਵਿੱਚ ਲਾਹੌਰ ਵਿੱਚ ਬਣਨ ਵਾਲੀ ਪਹਿਲੀ ਯੂਨੀਵਰਸਿਟੀ ਦੀ ਦਾਸਤਾਨ ਬਾਖ਼ੂਬੀ ਕਹਿ ਰਿਹਾ ਹੈ। ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਿਆ ਜਾਂਦਾ ਹੈ ਕਿ ਇਸ ਤੋਂ ਪਹਿਲਾਂ ਅੰਗਰੇਜ਼ ਸਰਕਾਰ ਵੱਲੋਂ 1857 ਵਿੱਚ ਦਿੱਲੀ, ਮਦਰਾਸ (ਹੁਣ 'ਚੈਨਈ') ਅਤੇ ਕਲਕੱਤਾ (ਹੁਣ 'ਕੋਲਕਾਤਾ') ਵਿੱਚ ਤਿੰਨ ਯੂਨੀਵਰਸਿਟੀਆਂ ਦੀ ਸਥਾਪਨਾ ਕੀਤੀ ਗਈ ਸੀ ਅਤੇ ਇਸ ਤਰ੍ਹਾਂ ਲਾਹੌਰ ਵਿੱਚ 1882 ਵਿੱਚ ਬਣੀ ਇਹ ਭਾਰਤ ਦੀ ਚੌਥੀ ਯੂਨੀਵਰਸਿਟੀ ਸੀ। ਇਸ ਇਤਿਹਾਸਕ ਯੂਨੀਵਰਸਿਟੀ ਦੇ ਪਹਿਲੇ ਵਾਈਸ-ਚਾਂਸਲਰ ਦੇ ਬੁੱਤ ਦੇ ਅੱਗੇ ਖਲੋ ਕੇ ਅਸੀਂ ਤਸਵੀਰਾਂ ਖਿਚਵਾਈਆਂ। ਅਸੀਂ ਅਜੇ ਇਹ ਤਸਵੀਰਾਂ ਖਿੱਚ ਹੀ ਰਹੇ ਸੀ ਕਿ ਸੜਕ ਦੇ ਕਿਨਾਰੇ ਬਣੇ ਫੁੱਟਪਾਥ ਦੀ ਸਫਾਈ ਕਰਨ ਵਾਲੀ ਗੱਡੀ ਆ ਕੇ ਸਾਡੇ ਤੋਂ ਕੁਝ ਦੂਰੀ 'ਤੇ ਖੜੀ ਹੋ ਗਈ ਅਤੇ ਉਹ ਓਨਾ ਚਿਰ ਓਥੇ ਹੀ ਖੜੀ ਰਹੀ ਜਿੰਨਾ ਚਿਰ ਅਸੀਂ ਤਸਵੀਰਾਂ ਖਿੱਚਦੇ ਰਹੇ। ਅਸੀਂ ਜਦੋਂ ਉਨ੍ਹਾਂ ਨੂੰ ਗੱਡੀ ਖੜੀ ਕਰਨ ਦੇ ਕਾਰਨ ਬਾਰੇ ਪੁੱਛਿਆ ਤਾਂ ਉਸ ਵਿਚਲੇ ਇੱਕ ਸੀਨੀਅਰ ਸਫਾਈ ਕਰਮਚਾਰੀ ਨੇ ਦੱਸਿਆ ਕਿ ਅਸੀਂ ਉਨ੍ਹਾਂ ਦੇ 'ਮਹਿਮਾਨ' ਸੀ ਅਤੇ ਉਹ ਕਿਸੇ ਵੀ ਹਾਲਤ ਵਿੱਚ ਸਾਡੇ ਉੱਪਰ ਮਿੱਟੀ-ਘੱਟੇ ਜਾਂ ਧੂਲ ਦਾ ਇੱਕ ਵੀ ਕਿਣਕਾ ਨਹੀਂ ਪੈਣ ਦੇਣਾ ਚਾਹੁੰਦੇ ਸਨ। ਸਾਨੂੰ ਉਨ੍ਹਾਂ ਦੀ ਇਹ ਸੋਚ ਬੜੀ ਸਿਆਣਪ ਭਰੀ ਲੱਗੀ, ਵਰਨਾ ਕੌਣ ਕਿਸੇ ਦੀ ਪ੍ਰਵਾਹ ਕਰਦਾ ਹੈ। ਅਸੀਂ ਉਨ੍ਹਾਂ ਕਰਮਚਾਰੀਆਂ ਦੇ ਨਾਲ ਵੀ ਇਕ ਯਾਦਗਾਰੀ ਫੋਟੋ ਖਿਚਵਾਈ।

ਸ਼ਾਮ ਨੂੰ ਪਹੁੰਚੇ ਪ੍ਰੋ. ਆਸ਼ਿਕ ਰਹੀਲ ਹੁਰਾਂ ਦੇ ਘਰ ਸ਼ਾਮ ਦੇ ਸਾਢੇ ਕੁ ਪੰਜ ਵਜੇ ਅਸੀਂ ਪ੍ਰੋ. ਆਸ਼ਿਕ ਰਹੀਲ ਹੁਰਾਂ ਦੇ ਘਰ ਪਹੁੰਚੇ। ਸਾਡੇ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਪ੍ਰੋਫੈਸਰ ਸਾਹਿਬ ਦੇ ਕਈ ਸ਼ਾਇਰ ਦੋਸਤ ਉਨ੍ਹਾਂ ਦੀ ਖੁੱਲ੍ਹੀ-ਡੁੱਲ੍ਹੀ 'ਬੈਠਕ' (ਡਰਾਇੰਗ-ਰੂਮ) ਵਿੱਚ ਬੜੀ ਵਧੀਆ ਤਰਤੀਬ ਨਾਲ ਲਗਾਈਆਂ ਹੋਈਆਂ ਕੁਰਸੀਆਂ ਅਤੇ ਸੋਫਿਆਂ 'ਤੇ ਸਜੇ ਹੋਏ ਸਨ। ਮੈਨੂੰ ਇੱਕ ਸੋਫੇ 'ਤੇ ਬੈਠੇ ਸ਼ਾਇਰਾਂ ਜਨਾਬ ਇਕਬਾਲ ਰਾਹੀ ਤੇ ਮਿਰਾਜ ਦੀਨ ਡੋਗਰ ਹੁਰਾਂ ਨਾਲ ਅਤੇ ਜੀਜਾ ਜੀ ਸੁਖਵਿੰਦਰ ਸਿੰਘ ਨੂੰ ਦੂਸਰੇ ਸੋਫੇ 'ਤੇ ਬੈਠੇ ਪ੍ਰੋ. ਕਲਿਆਣ ਸਿੰਘ ਤੇ ਅਹਿਮਦ ਰਜ਼ਾ ਬੈਠਣ ਲਈ ਕਿਹਾ ਗਿਆ, ਜਦ ਕਿ ਸਾਡੀਆਂ ਦੋਹਾਂ ਲੇਡੀਜ਼ ਮੈਂਬਰਾਂ ਨੂੰ ਤੀਸਰੇ ਸੋਫੇ ਤੇ ਬੈਠੇ ਮੈਡਮ ਤੁਬੱਸਮ ਅਤੇ ਪ੍ਰੋ. ਆਸ਼ਿਕ ਰਹੀਲ ਹੁਰਾਂ ਦੀ ਬੇਗ਼ਮ ਸਾਹਿਬਾਂ ਦੇ ਨਾਲ ਬਿਠਾਇਆ ਗਿਆ।

ਚਾਹ-ਪਾਣੀ ਦੇ ਦੌਰ ਦੇ ਦੌਰਾਨ ਪ੍ਰੋ. ਸਾਹਿਬ ਨੇ ਸਾਡਾ ਸਾਰਿਆਂ ਦੇ ਨਾਲ ਤੁਆਰਫ਼ ਕਰਾਇਆ ਅਤੇ ਇਸ ਦੇ ਨਾਲ਼ ਹੀ ਮੁਸ਼ਾਇਰਾ ਸ਼ੁਰੂ ਕਰਨ ਲਈ ਮੰਚ ਦੀ ਕਾਰਵਾਈ ਚਲਾਉਣ ਲਈ ਜਨਾਬ ਅਕੀਲ ਸ਼ਫ਼ੀ ਸਾਹਿਬ ਨੂੰ ਕਿਹਾ। ਬੈਠਕ ਦੀ ਇੱਕ ਨੁੱਕਰ ਵਿੱਚ ਸਜੇ ਦੋ ਸੋਫਿਆਂ ਜਿਨ੍ਹਾਂ 'ਤੇ ਅਸੀਂ ਬੈਠੇ ਹੋਏ ਸੀ, ਦੇ ਵਿਚਕਾਰ ਖਲੋ ਕੇ ਮੰਚ-ਸੰਚਾਲਕ ਅਕੀਲ ਸ਼ਫ਼ੀ ਨੇ ਸਾਰੇ ਕਵੀਆਂ ਨੂੰ ਵੀ-ਵਾਰੀ ਉੱਥੇ ਆ ਕੇ ਆਪਣੀਆਂ ਰਚਨਾਵਾਂ ਸਾਂਝੀਆਂ ਕਰਨ ਲਈ ਕਿਹਾ। ਇਨ੍ਹਾਂ ਵਿੱਚੋਂ ਬਹੁਤੀਆਂ ਕਵਿਤਾਵਾਂ ਪੰਜਾਬੀ ਵਿੱਚ ਸਨ ਅਤੇ ਇਕ-ਦੋ ਉਰਦੂ ਵਿੱਚ ਵੀ ਸਨ। ਕਈਆਂ ਨੇ ਆਪਣੀਆਂ ਨਜ਼ਮਾਂ ਤਰੰਨਮ ਵਿੱਚ ਪੇਸ਼ ਕੀਤੀਆਂ ਅਤੇ ਉਨ੍ਹਾਂ ਦਾ 'ਅੰਦਾਜ਼-ਏ-ਬਿਆਂ' ਵੱਖਰਾ ਹੀ ਸੀ ਜੋ ਸਾਰਿਆਂ ਨੂੰ ਬਹੁਤ ਪਸੰਦ ਆਇਆ।

ਚੜ੍ਹਦੇ ਪੰਜਾਬ ਦੇ ਕਵੀ-ਦਰਬਾਰਾਂ ਨਾਲੋਂ ਇਸ ਕਵੀ-ਦਰਬਾਰ ਦੀ ਵੱਖਰਤਾ ਇਹ ਸੀ ਕਿ ਇਸ ਵਿਚ ਕਿਸੇ ਵੀ ਕਵੀ ਨੇ ਆਪਣੀ ਇੱਕ ਤੋਂ ਵਧੇਰੇ ਕਵਿਤਾ ਨਹੀਂ ਸੁਣਾਈ ਅਤੇ ਉਨ੍ਹਾਂ ਵੱਲੋਂ ਮੰਚ-ਸੰਚਾਲਕ ਦੀ ਸ਼ੁਰੂ ਵਿੱਚ ਦਿੱਤੀ ਹੋਈ ਹਦਾਇਤ ਦੀ ਇੰਨ-ਬਿੰਨ ਪਾਲਣਾ ਕੀਤੀ ਗਈ। ਦੂਸਰੀ ਵੱਖਰਤਾ ਇਹ ਸੀ ਕਿ ਇਹ ਕਵਿਤਾਵਾਂ ਸਾਰੀਆਂ ਹੀ ਛੰਦ-ਬੱਧ ਸਨ ਅਤੇ ਇਨ੍ਹਾਂ ਵਿੱਚ ਕੋਈ ਵੀ 'ਖੁੱਲ੍ਹੀ ਕਵਿਤਾ' ਨਹੀਂ ਸੀ। ਇਸ ਤੋਂ ਮੈਂ ਅੰਦਾਜ਼ਾ ਲਗਾ ਰਿਹਾ ਸੀ ਕਿ ਪੰਜਾਬੀ ਵਿੱਚ ਖੁੱਲ੍ਹੀ ਕਵਿਤਾ ਦੀ ਪਿਰਤ ਚੜ੍ਹਦੇ ਪੰਜਾਬ ਵਿੱਚ ਹੀ ਵਧੇਰੇ ਪ੍ਰਚੱਲਤ ਹੈ। ਪ੍ਰੋ. ਆਸ਼ਿਕ ਰਹੀਲ ਹੁਰਾਂ ਦੇ ਘਰ ਸਜੀ ਇਸ ਕਾਵਿ-ਮਹਿਫ਼ਲ ਵਿੱਚ ਜਨਾਬ ਇਕਬਾਲ ਰਾਹੀ, ਅਕੀਲ ਸ਼ਫ਼ੀ, ਅਤਾ ਉਲ ਅਜ਼ੀਜ਼ ਲਤੀਫ਼, ਮਿਰਾਜ ਦੀਨ ਖੋਖਰ, ਖਾਲਿਦ ਮਹਿਮੂਦ ਅਸੁਫ਼ਤਾ, ਅੱਬਾਸ ਮਿਰਜ਼ਾ, ਮਜ਼ਹਰ ਉਲਾਹ ਕੁਰੈਸ਼ੀ, ਮੁਨਾਜ਼ਾ ਸਹਿਰ, ਆਦਿਲ ਨਿਨਹਾਸ ਲਾਹੌਰੀ, ਰਾਸ਼ਿਦ ਲਾਹੌਰੀ, ਨਵੀਦ ਕੁਆਲੰਦਰੀ, ਅਹਿਮਦ ਰਜ਼ਾ ਪੰਜਾਬੀ, ਯਾਸੀਨ ਰਜ਼ਾ, ਆਬਦ ਨਾਬਿਲ ਸ਼ਾਦ, ਸੁਲਤਾਨ ਖੈਰਵੀ, ਅਫ਼ਜ਼ਲ ਮਿਰਜ਼ਾ, ਪ੍ਰੋ. ਕਲਿਆਣ ਸਿੰਘ ਕਲਿਆਣ, ਰਾਣਾ ਅਜ਼ਹਰ ਫਿਰੋਜ਼, ਡਾ. ਤੁਬੱਸਮ ਅਤੇ ਕਈ ਹੋਰ ਹਾਜ਼ਰ ਸਨ ਜਿਨ੍ਹਾਂ ਦੇ ਨਾਂ ਨੋਟ ਨਹੀਂ ਕੀਤੇ ਜਾ ਸਕੇ। ਇੱਕ ਦੋ ਨੂੰ ਛੱਡ ਕੇ ਲੱਗਭਗ ਸਾਰਿਆਂ ਨੇ ਹੀ ਆਪਣੀਆਂ ਕਵਿਤਾਵਾਂ ਸਾਂਝੀਆਂ ਕੀਤੀਆਂ। ਮੈਂ ਅਤੇ ਭੈਣ ਗੁਰਚਰਨ ਬਿੰਦ ਨੇ ਵੀ ਆਪਣੀਆਂ ਕਵਿਤਾਵਾਂ ਨਾਲ ਇਸ ਯਾਦਗਾਰੀ ਕਵੀ-ਦਰਬਾਰ ਵਿੱਚ ਆਪਣੀ ਹਾਜ਼ਰੀ ਲਵਾਈ। ਅਹਿਮਦ ਰਜ਼ਾ ਪੰਜਾਬੀ ਅਤੇ ਪ੍ਰੋ. ਕਲਿਆਣ ਸਿੰਘ ਕਲਿਆਣ ਵੱਲੋਂ ਬੜੇ ਭਾਵਪੂਰਤ ਸ਼ਬਦਾਂ ਵਿੱਚ ਲਹਿੰਦੇ ਪੰਜਾਬ ਵਿੱਚ ਰਚੇ ਜਾ ਰਹੇ ਪੰਜਾਬੀ ਸਾਹਿਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਅਖ਼ੀਰ ਵਿੱਚ ਡਾ. ਸੁਖਵਿੰਦਰ ਸਿੰਘ ਬਿੰਦ ਵੱਲੋਂ ਪ੍ਰੋ. ਆਸ਼ਿਕ ਰਹੀਲ ਅਤੇ ਸਮੂਹ ਸ਼ਾਇਰਾਂ ਦਾ ਇਸ ਖ਼ੂਬਸੂਰਤ ਕਾਵਿ-ਮਹਿਫ਼ਲ ਸਜਾਉਣ ਲਈ ਧੰਨਵਾਦ ਕੀਤਾ ਗਿਆ। ਪ੍ਰੋ. ਆਸ਼ਿਕ ਰਹੀਲ ਅਤੇ ਉਨ੍ਹਾਂ ਦੀ ਬੇਗ਼ਮ ਸਾਹਿਬਾਂ ਨੂੰ ਸਾਡੇ ਵੱਲੋਂ ਗਰਮ ਲੋਈ ਅਤੇ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ। ਪ੍ਰੋ. ਸਾਹਿਬ ਦੀ ਬੇਗ਼ਮ ਸਾਹਿਬਾਂ ਵੱਲੋਂ ਮੇਰੀ ਪਤਨੀ ਜਗਦੀਸ਼ ਕੌਰ ਤੇ ਭੈਣ ਗੁਰਚਰਨ ਬਿੰਦ ਨੂੰ ਖ਼ੂਬਸੂਰਤ ਸੂਟ ਤੋਹਫੇ ਵਜੋਂ ਦੇ ਕੇ ਨਿਵਾਜਿਆ ਗਿਆ।

ਇਸ ਸ਼ਾਨਦਾਰ ਕਵੀ-ਦਰਬਾਰ ਦੀ ਸਮਾਪਤੀ 'ਤੇ ਖਾਣਾ ਸੱਜ ਗਿਆ ਅਤੇ ਸਾਰਿਆਂ ਨੇ ਮਿਲ ਕੇ ਇਸ ਦਾ ਖ਼ੂਬ ਆਨੰਦ ਮਾਣਿਆਂ। ਸਾਰਾ ਖਾਣਾ ਘਰ ਵਿੱਚ ਹੀ ਤਿਆਰ ਕੀਤਾ ਗਿਆ ਸੀ ਅਤੇ ਇਸ ਵਿੱਚ ਸ਼ਾਮਲ ਚਿਕਨ ਬਰਿਆਨੀ, ਰਾਇਤਾ, ਚਨੇ, ਤਰ੍ਹਾਂ ਤਰ੍ਹਾਂ ਦਾ ਸਲਾਦ, ਖੀਰ, ਆਦਿ ਸਾਰਾ ਕੁਝ ਹੀ ਬੜਾ ਸਲਾਹੁਣਯੋਗ ਸੀ ਅਤੇ ਸੱਭਨਾਂ ਵੱਲੋਂ ਇਸ ਦੀ ਭਰਪੂਰ ਤਾਰੀਫ਼ ਕੀਤੀ ਗਈ। ਰਾਤ ਦੇ ਨੌਂ ਵੱਜ ਰਹੇ ਸਨ ਅਤੇ ਹਨੇਰਾ ਵੀ ਕਾਫੀ ਹੋ ਗਿਆ ਸੀ। ਸਾਰਿਆਂ ਨੇ ਪ੍ਰੋ. ਆਸ਼ਿਕ ਰਹੀਲ ਹੁਰਾਂ ਕੋਲੋਂ ਜਾਣ ਲਈ ਇਜਾਜ਼ਤ ਮੰਗੀ। ਅਸੀਂ ਵੀ ਉਨ੍ਹਾਂ ਕੋਲੋਂ ਆਗਿਆ ਲਈ ਅਤੇ ਦਸ ਕੁ ਵਜੇ ਵਾਪਸ ਹੋਟਲ ਪਹੁੰਚੇ।

# ਅੱਠਵੀਂ ਜਮਾਤ ਤੋਂ ਰਾਸ਼ਟਰੀ ਪ੍ਰਤਿਭਾ ਖੋਜ ਪ੍ਰੀਖਿਆ (ਐਨਟੀਐਸਈ) ਦੀ ਵਾਪਸੀ

-ਵਿਜੈ ਗਰਗ-

ਰਾਸ਼ਟਰੀ ਪ੍ਰਤਿਭਾ ਖੋਜ ਪ੍ਰੀਖਿਆ ( ਐਨਟੀਐਸਈ) - ਸਕੂਲ ਪੱਧਰ ਦੀ ਪ੍ਰਤਿਭਾ ਨੂੰ ਖੋਜਣ ਅਤੇ ਸਮਰਥਨ ਦੇਣ ਲਈ ਇੱਕ ਨਵੇਂ ਅਵਤਾਰ ਵਿੱਚ ਵਾਪਸੀ ਕਰਨ ਲਈ ਤਿਆਰ ਹੈ, ਜੋ ਕਿ ਛੋਟੀ ਉਮਰ ਦੇ ਵਿਦਿਆਰਥੀਆਂ ਨੂੰ ਵੱਧ ਗਿਣਤੀ ਵਿੱਚ ਵਜ਼ੀਫ਼ੇ ਦੀ ਪੇਸ਼ਕਸ਼ ਕਰਦਾ ਹੈ, ਅਤੇ ਲੜਕੀਆਂ ਅਤੇ ਪੇਂਡੂ ਵਿਦਿਆਰਥੀਆਂ ਦੀ ਵਧੀ ਹੋਈ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਂਦਾ ਹੈ। ਸਰਕਾਰ ਪਹਿਲਾਂ ਦੋ ਪੜਾਵਾਂ ਦੀ ਬਜਾਏ ਇੱਕ ਰਾਸ਼ਟਰੀ ਪੱਧਰ ਦੀ ਪ੍ਰੀਖਿਆ ਦੀ ਚੋਣ ਕਰ ਸਕਦੀ ਹੈ। ਸਿੱਖਿਆ ਮੰਤਰਾਲਾ ਨਵੇਂ ਐਨਟੀਐਸਈ ਨੂੰ 10ਵੀਂ ਜਮਾਤ ਦੀ ਬਜਾਏ 8ਵੀਂ ਜਮਾਤ ਦੇ ਪੱਧਰ 'ਤੇ ਰੱਖਣ ਅਤੇ 12ਵੀਂ ਜਮਾਤ ਤੱਕ ਚੁਣੇ ਗਏ ਵਿਦਿਆਰਥੀਆਂ ਦਾ "ਪੋਸ਼ਣ" ਕਰਨ 'ਤੇ ਵੀ ਵਿਚਾਰ ਕਰ ਰਿਹਾ ਹੈ, ਇਸ ਦੇ ਸਾਬਕਾ ਵਿਦਿਆਰਥੀਆਂ ਦੇ ਸ਼ਾਨਦਾਰ ਪੂਲ ਦੀ ਵਾਧੂ ਸਹਾਇਤਾ ਨਾਲ, ਇਹ ਜਾਣਿਆ ਗਿਆ ਹੈ। ਐਨਟੀਐਸਈ , ਹੋਣਹਾਰ ਵਿ-ਗਿਆਨ ਅਤੇ ਸਮਾਜਿਕ ਵਿਗਿਆਨ ਸਕੂਲ ਦੇ ਵਿਦਿਆਰਥੀਆਂ ਦੀ ਪਛਾਣ ਕਰਨ, ਪਾਲਣ ਪੋਸ਼ਣ ਕਰਨ ਅਤੇ ਵਿੱਤੀ ਸਹਾਇਤਾ ਦੇਣ ਲਈ ਇੱਕ ਨਾਮਵਰ ਪ੍ਰੀਖਿਆ 2021 ਵਿੱਚ ਇਸਦੇ ਸ਼ਹਿਰੀ ਅਤੇ ਲਿੰਗ ਝੁਕਾਅ ਨੂੰ ਲੈ ਕੇ ਚਿੰਤਾਵਾਂ ਪੈਦਾ ਕਰਨ ਵਾਲੀਆਂ ਰਿਪੋਰਟਾਂ ਦੇ ਵਿਚਕਾਰ ਰੋਕ ਦਿੱਤੀ ਗਈ ਸੀ। ਸੁਧਾਰੇ ਗਏ ਐਨਟੀਐਸਈ ਵਿੱਚ, ਚੁਣੇ ਗਏ ਵਿਦਿਆਰਥੀਆਂ ਦੇ ਵਧੇਰੇ ਪ੍ਰਤੀਨਿਧੀ ਪੂਲ ਨੂੰ ਯਕੀਨੀ ਬਣਾਉਣ ਲਈ ਇੱਕ ਵਧੇਰੇ ਜ਼ਿਲ੍ਹਾ-ਕੇਂਦ੍ਰਿਤ ਪਹੁੰਚ ਦੀ ਯੋਜਨਾ ਬਣਾਈ ਗਈ ਹੈ। ਇਹ ਤਜਵੀਜ਼ ਹੈ ਕਿ ਵਜ਼ੀਫੇ ਪੇਂਡੂ ਅਤੇ ਸ਼ਹਿਰੀ ਬੱਚਿਆਂ ਦੀ ਆਬਾਦੀ ਨੂੰ ਦਰਸਾਉਂਦੇ ਹੋਏ ਅਨੁਪਾਤ ਵਿੱਚ ਪ੍ਰਤੀ ਜ਼ਿਲ੍ਹਿ ਵਿੱਚ ਵੰਡੇ ਜਾਣ। ਇੱਕ ਸਮਾਨ ਅਨੁਪਾਤ ਲੜਕੀਆਂ ਅਤੇ ਮੁੰਡਿਆਂ ਲਈ ਸਕਾਲਰਸ਼ਿਪ ਹਿੱਸੇ ਨੂੰ ਵੱਖ ਕਰਨ ਲਈ ਵਰਤਿਆ ਜਾਣ ਦੀ ਸੰਭਾਵਨਾ ਹੈ। ਉਸੇ ਸਿਰੇ ਵੱਲ, ਇਹ ਅੱਗੇ ਪ੍ਰਸਤਾਵਿਤ ਕੀਤਾ ਗਿਆ ਹੈ ਕਿ ਕੇਂਦਰ ਪੂਰੀ ਤਰ੍ਹਾਂ ਟੈਸਟਿੰਗ ਪ੍ਰਣਾਲੀ ਨੂੰ ਸਾਰੇ ਸਕੂਲਾਂ ਵਿੱਚ ਇੱਕ ਰਾਸ਼ਟਰੀ ਪੱਧਰ ਦੀ ਪ੍ਰੀਖਿਆ ਦੇ ਨਾਲ ਲੈ ਲਵੇ। ਹੁਣ ਤੱਕ, ਐਨਟੀਐਸਈ ਨੇ ਰਾਜਾਂ ਦੇ ਆਪਣੇ ਨਿਯਮਾਂ ਅਨੁਸਾਰ ਪਹਿਲੇ ਗੇੜ ਦਾ ਆਯੋਜਨ ਕਰਨ ਦੇ ਨਾਲ ਦੋ ਪੜਾਅ ਦੀ ਚੋਣ ਪ੍ਰਕਿਰਿਆ ਨੂੰ ਸ਼ਾਮਲ ਕੀਤਾ ਹੈ। ਇਸ ਤੋਂ ਬਾਅਦ ਰਾਜਾਂ ਦੁਆਰਾ ਸਿਫ਼ਾਰਸ਼ ਕੀਤੇ ਵਿਦਿਆਰਥੀ ਨੈਸ਼ਨਲ ਕਾਉਂਸਿਲ ਫਾਰ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ (ਐਨਸੀਈਆਰਟੀ) ਦੁਆਰਾ ਆਯੋਜਿਤ ਅੰਤਿਮ ਪੜਾਅ 2 ਪ੍ਰੀਖਿਆ ਲਈ ਯੋਗ ਸਨ। ਰਿਪੋਰਟਾਂ ਨੇ ਦਿਖਾਇਆ ਹੈ ਕਿ ਐਨਟੀਐਸਈ ਪ੍ਰਤਿਭਾ ਦੀ ਪਛਾਣ ਕਰਨ, ਬੱਚਿਆਂ ਨੂੰ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੀ ਵਿੱਤੀ ਮਦਦ ਕਰਨ ਵਿੱਚ ਕਾਫ਼ੀ ਸਫਲ ਰਿਹਾ ਹੈ। ਹਾਲਾਂਕਿ, ਇਹ ਵੀ ਲਾਲ ਝੰਡੀ ਦਿੱਤੀ ਗਈ ਸੀ ਕਿ ਚੋਣ ਪ੍ਰਕਿਰਿਆ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਲੋੜੀਂਦੇ ਬਹੁਤ ਸਾਰੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਤੱਕ ਨਹੀਂ ਪਹੁੰਚ ਰਹੀ ਸੀ, ਖਾਸ ਤੌਰ 'ਤੇ ਲੜਕੀਆਂ ਅਤੇ ਅਕਸਰ ਸਰਕਾਰੀ ਸਕੂਲ ਪ੍ਰਣਾਲੀਆਂ ਵਿੱਚ. ਤਰਕ ਨੂੰ ਸੋਧੋ 2021 ਵਿੱਚ ਸੈਂਟਰ ਫਾਰ ਮਾਰਕਿਟ ਰਿਸਰਚ ਐਂਡ ਸੋਸ਼ਲ ਡਿਵੈਲਪਮੈਂਟ (ਸੀਐਮ ਐਸ ਡੀ) ਦੁਆਰਾ ਐਨਟੀਐਸਈ ਦਾ ਇੱਕ ਥਰਡ-ਪਾਰਟੀ ਮੁਲਾਂਕਣ ਜੋ ਪਿਛਲੇ ਦਹਾਕੇ ਵਿੱਚ ਫੈਲੇ ਲਾਭ ਵਿੱਚ ਇੱਕ ਵਿਆਪਕ ਪਰਿਵਰਤਨ ਦਰਸਾਉਂਦਾ ਹੈ, ਇੱਕ ਮਾਮਲਾ ਹੈ। ਇਸ ਨੇ ਦਿਖਾਇਆ ਕਿ 31.5% ਪੁਰਸਕਾਰ ਪ੍ਰਾਪਤ ਕਰਨ ਵਾਲੇ ਉੱਤਰੀ ਅਤੇ ਕੇਂਦਰੀ ਜ਼ੋਨ ਤੋਂ, 28.0% ਪੱਛਮੀ ਜ਼ੋਨ ਤੋਂ, 22.6% ਦੱਖਣੀ ਜ਼ੋਨ ਤੋਂ, ਅਤੇ 13.6% ਪੂਰਬੀ ਜ਼ੋਨ ਤੋਂ ਹਨ। ਐਨ ਸੀ ਈ ਆਰ ਟੀ ਨੂੰ ਸੌਂਪੀ ਗਈ ਇਸ ਰਿਪੋਰਟ ਵਿੱਚ ਦਿਖਾਇਆ ਗਿਆ ਹੈ ਕਿ ਉੱਤਰੀ ਪਹਾੜੀ ਸਟੇਟਸ ਜ਼ੋਨ ਅਤੇ ਉੱਤਰ ਪੂਰਬੀ ਜ਼ੋਨ ਕ੍ਰਮਵਾਰ ਸਿਰਫ਼ 1.3% ਅਤੇ 1.1% ਪੁਰਸਕ-ਾਰ ਪ੍ਰਾਪਤ ਕਰਨ ਵਾਲੇ ਸਨ। ਇਸ ਤੋਂ ਇਲਾਵਾ, ਸਰਵੇਖਣ ਕੀਤੇ ਗਏ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿੱਚੋਂ 88% ਸ਼ਹਿਰੀ ਖੇਤਰ ਦੇ ਸਨ ਜਦੋਂ ਕਿ ਸਿਰਫ 12% ਪੇਂਡੂ ਖੇਤਰ ਤੋਂ ਸਨ। ਲਿੰਗ ਦੇ ਮੋਰਚੇ 'ਤੇ, ਦਸ ਸਾਲਾਂ ਵਿੱਚ ਲਾਭ ਪ੍ਰਾਪਤ ਕਰਨ ਵਾਲੇ ਕੁੱਲ 10,924 ਵਿਦਿਆਰਥੀਆਂ ਵਿੱਚੋਂ, 8,661 (79%) ਲੜਕੇ ਸਨ। ਅਤੇ ਸਿਰਫ਼ 2,263 (21%) ਕੁੜੀਆਂ ਸਨ। ਅਕੈਡਮੀ ਆਫ਼ ਮੈਨੇਜਮੈਂਟ ਸਟੱਡੀਜ਼ (ਸੀ ਐਮਐਸ) ਦੁਆਰਾ ਸਕੀਮ ਦੇ 2017 ਦੇ ਮੁਲਾਂਕਣ ਵਿੱਚ ਇਹ ਵੀ ਕਿਹਾ ਗਿਆ ਸੀ ਕਿ "ਕੁੜੀਆਂ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਦੀ ਸੂਚੀ ਵਿੱਚ ਨੁਮਾਇੰਦਗੀ ਤੋਂ ਹੇਠਾਂ ਰਹਿ ਗਈਆਂ ਹਨ" ਅਤੇ ਪੇਂਡੂ ਖੇਤਰਾਂ ਤੋਂ ਆਉਣ ਵਾਲੇ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿੱਚ 17% ਤੋਂ ਪੰਜ ਪ੍ਰਤੀਸ਼ਤ ਦੀ ਗਿਰਾਵਟ ਵੱਲ ਇਸ਼ਾਰਾ ਕੀਤਾ ਗਿਆ ਸੀ। 2007 ਵਿੱਚ 12% ਤੋਂ 2013 ਵਿੱਚ. ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਪ੍ਰਾਈਵੇਟ ਗੈਰ-ਸਹਾਇਤਾ ਪ੍ਰਾਪਤ ਸਕੂਲਾਂ ਨੇ ਸਾਲਾਂ ਦੌਰਾਨ ਪ੍ਰਭਾਵਸ਼ਾਲੀ ਮੌਜੂਦਗੀ ਦਾ ਪ੍ਰਦਰਸ਼ਨ ਕੀਤਾ, ਜਦੋਂ ਕਿ ਸਰਕਾਰੀ ਸਕੂਲ ਬਹੁਤ ਘੱਟ ਪ੍ਰਤੀਨਿਧਤਾ ਵਾਲੇ ਰਹੇ। ਏਐਮਐਸ ਦੀ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਵਜ਼ੀਫੇ ਦੀ ਪੇਸ਼ਕਸ਼ ਕੀਤੇ ਜਾ ਰਹੇ ਵਿਦਿਆਰਥੀਆਂ ਦੀ ਔਸਤ ਸੰਖਿਆ ਪ੍ਰਤੀ 100,000 ਵਿਦਿਆਰਥੀਆਂ ਵਿੱਚ ਸਿਰਫ 5-6 ਪੁਰਸਕਾਰ ਪ੍ਰਾਪਤ ਕਰਨ ਵਾਲਿਆਂ 'ਤੇ "ਬਹੁਤ ਘੱਟ" ਰਹੀ ਹੈ, ਜੋ ਦਰਸਾਉਂਦੀ ਹੈ ਕਿ ਬਹੁਤ ਸਾਰੇ ਯੋਗ ਵਿਦਿਆਰਥੀ ਇਸ ਮਹੱਤਵਪੂਰਨ ਤੋਂ ਵਾਂਝੇ ਰਹਿ ਗਏ ਹਨ। ਲਾਭ ਉਪਰੋਕਤ ਰਿਪੋਰਟਾਂ ਨੇ ਵੀ ਪ੍ਰਤਿਭਾ ਨੂੰ ਖੋਲ੍ਹਣ ਦੀ ਸਿਫਾਰਸ਼ ਕੀਤੀ ਹੈਕਲਾਸ 5 ਜਾਂ ਕਲਾਸ 8 ਦੇ ਪੁਰਾਣੇ ਪੱਧਰ 'ਤੇ ਖੋਜ ਸਕੀਮ। ਐਨਸੀਈਆਰਟੀ ਦੀ ਅਗਸਤ 2021 ਦੀ ਸਮੀਖਿਆ ਮੀਟਿੰਗ ਨੇ ਵਧੇਰੇ ਲਿੰਗ ਸਮਾਵੇਸ਼ ਲਈ ਵਜ਼ੀਫ਼ਿਆਂ ਦੀ ਗਿਣਤੀ ਵਧਾਉਣ ਅਤੇ ਅਵਾਰਡੀ ਚੋਣ ਅਨੁਪਾਤ ਦਾ ਪੁਨਰਗਠਨ ਕਰਨ ਲਈ ਤੀਜੀ ਧਿਰ ਦੀਆਂ ਮੁਲਾਂਕਣ ਰਿਪੋਰਟਾਂ ਅਤੇ ਉਹਨਾਂ ਦੀਆਂ ਸਿਫ਼ਾਰਸ਼ਾਂ ਦਾ ਨੋਟਿਸ ਲਿਆ। ਜਦੋਂ ਕਿ ਸਰਕਾਰ ਵਿੱਚ ਇੱਕ ਔਨਲਾਈਨ ਪ੍ਰੀਖਿਆ ਫਾਰਮੈਟ 'ਤੇ ਵੀ ਚਰਚਾ ਕੀਤੀ ਗਈ ਹੈ, ਕੇਂਦਰ ਸਰਕਾਰ ਪੇਂਡੂ ਵਿਦਿਆਰਥੀਆਂ ਤੱਕ ਟੈਸਟ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਇੱਕ ਓ ਐਮ ਆਰ-ਅਧਾਰਿਤ ਪੈੱਨ ਅਤੇ ਪੇਪਰ ਟੈਸਟ ਨੂੰ ਜਾਰੀ ਰੱਖਣ ਦੀ ਸੰਭਾਵਨਾ ਹੈ। ਐਨਟੀਐਸਈ 1963 ਤੋਂ ਬਾਅਦ ਟੈਲੇਂਟ ਹੰਟ ਸਕੂਲ ਲਈ ਪ੍ਰੀਖਿਆ - ਦੇਸ਼ ਭਰ ਦੇ ਬੱਚਿਆਂ ਨੂੰ 1963 ਤੋਂ ਕਿਸੇ ਨਾ ਕਿਸੇ ਰੂਪ ਵਿੱਚ, ਸਾਲਾਂ ਵਿੱਚ ਸੋਧਾਂ ਦੇ ਨਾਲ, ਲਗਭਗ ਕਿਸੇ ਨਾ ਕਿਸੇ ਰੂਪ ਵਿੱਚ ਹੁੰਦਾ ਰਿਹਾ ਹੈ। ਜਿਵੇਂ ਕਿ ਸਾਲ 2020 ਵਿੱਚ, ਐਨਟੀਐਸਈ 10ਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਰਵਾਇਆ ਗਿਆ ਸੀ। ਹੋਣਹਾਰ ਵਿਦਿਆਰਥੀਆਂ ਨੂੰ ਦੋ-ਪੜਾਅ ਦੀ ਚੋਣ ਪ੍ਰਕਿਰਿਆ ਤੋਂ ਬਾਅਦ ਚੁਣਿਆ ਗਿਆ ਅਤੇ ਵਿ-ਗਆਨ ਅਤੇ ਸਮਾਜਿਕ ਵਿਗਿਆਨ ਵਿੱਚ ਡਾਕ-ਟਰੇਟ ਪੱਧਰ ਤੱਕ ਅਤੇ ਦੂਜੇ ਡਿਗਰੀ ਪੱਧਰ ਤੱਕ ਮੈਡੀਸਨ ਅਤੇ ਇੰਜਨੀਅਰਿੰਗ ਵਰਗੇ ਪੇਸ਼ੇਵਰ ਕੋਰਸਾਂ ਵਿੱਚ ਕੋਰਸ ਕਰਨ ਲਈ ਵਜ਼ੀਫੇ ਦਿੱਤੇ ਗਏ। ਅਨੁਸੂਚਿਤ ਜਾਤੀਆਂ ਲਈ 15%, ਅਨੁਸੂਚਿਤ ਜਾਤੀ ਲਈ 7.5%, ਹੋਰ ਪਛੜੀਆਂ ਸ਼੍ਰੇਣੀਆਂ ਲਈ 27%, ਅਤੇ ਬੈਂਚਮਾਰਕ ਅਸਮਰਥਤਾ ਵਾਲੇ ਵਿਦਿਆਰਥੀਆਂ ਦੇ ਇੱਕ ਸਮੂਹ ਲਈ 4% ਦੇ ਰਾਖਵੇਂਕਰਨ ਦੇ ਨਾਲ, 2,000 ਸਕਾਲਰਸ਼ਿਪਾਂ ਨੂੰ ਆਖਰੀ ਵਾਰ ਦਿੱਤਾ ਗਿਆ ਸੀ। ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਲਈ ਪ੍ਰਤੀ ਮਹੀਨਾ 1,250 ਦੀ ਸਕਾਲਰਸ਼ਿਪ, ਅੰਡਰ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਲਈ 2,000 ਪ੍ਰਤੀ ਮਹੀਨਾ, ਅਤੇ ਉੱਚ ਪੜ੍ਹਾਈ ਲਈ ਯੂ ਜੀ ਸੀ ਦੇ ਨਿਯਮਾਂ ਅਨੁਸਾਰ ਦਿੱਤੀ ਗਈ ਸੀ।




# ਗੁਰਮੀਤ ਸਿੰਘ ਖੁੱਡੀਆਂ ਤੇ ਬਲਕਾਰ ਸਿੰਘ ਨੇ ਕੈਬਨਿਟ ਮੰਤਰੀਆਂ ਵਜੋਂ ਹਲਫ਼ ਲਿਆ

*** ਮੁੱਖ ਮੰਤਰੀ ਨੇ ਦੋਵਾਂ ਨਵੇਂ ਮੰਤਰੀਆਂ ਨੂੰ ਦਿੱਤੀ ਵਧਾਈ * ਨਵ-ਨਿਯੁਕਤ ਮੰਤਰੀਆਂ ਵੱਲੋਂ ਮਿਸ਼ਨਰੀ ਉਤਸ਼ਾਹ ਨਾਲ ਲੋਕਾਂ ਦੀ ਸੇਵਾ ਕਰਨ ਦੀ ਉਮੀਦ ਜਤਾਈ**

ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ): ਪੰਜਾਬ ਦੇ ਰਾਜਪਾਲ ਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਇੱਥੇ ਪੰਜਾਬ ਰਾਜ ਭਵਨ ਵਿੱਚ ਅੱਜ ਹੋਏ ਇਕ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ ਵਿੱਚ ਗੁਰਮੀਤ ਸਿੰਘ ਖੁੱਡੀਆਂ ਤੇ ਬਲਕਾਰ ਸਿੰਘ ਨੂੰ ਕੈਬਨਿਟ ਮੰਤਰੀ ਵਜੋਂ ਅਹੁਦੇ ਅਤੇ ਭੇਤ ਗੁਪਤ ਰੱਖਣ



ਦੀ ਸਹੁੰ ਚੁਕਾਈ।


ਇਹ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਨਾਲ ਕੈਬਨਿਟ ਵਿੱਚ ਮੁੱਖ ਮੰਤਰੀ ਸਣੇ ਮੰਤਰੀਆਂ ਦੀ ਕੁੱਲ ਗਿਣਤੀ ਵਧ ਕੇ 16 ਹੋ ਗਈ ਹੈ। ਸਹੁੰ ਚੁੱਕ ਸਮਾਗਮ ਦੀ ਸਮੁੱਚੀ ਕਾਰਵਾਈ ਰਾਜਪਾਲ ਦੀ ਪ੍ਰਵਾਨਗੀ ਨਾਲ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਚਲਾਈ। ਸਹੁੰ ਚੁੱਕਣ ਤੋਂ ਬਾਅਦ ਗੁਰਮੀਤ ਸਿੰਘ ਖੁੱਡੀਆਂ ਤੇ ਬਲਕਾਰ ਸਿੰਘ ਨੇ ਹਲਫ਼ ਵਾਲੇ ਦਸਤਾਵੇਜ਼ ਉਤੇ ਹਸਤਾਖ਼ਰ ਕੀਤੇ, ਜਿਸ ਉਤੇ ਰਾਜਪਾਲ ਨੇ ਵੀ ਦਸਤਖ਼ਤ ਕੀਤੇ।

ਇਸ ਦੌਰਾਨ ਮੁੱਖ ਮੰਤਰੀ ਨੇ ਦੋਵਾਂ ਨਵ-ਨਿਯੁਕਤ ਮੰਤਰੀਆਂ ਨੂੰ ਵਧਾਈ ਦਿੱਤੀ ਅਤੇ ਆਖਿਆ ਕਿ ਉਹ ਪਹਿਲਾਂ ਹੀ ਮਿਸ਼ਨਰੀ ਉਤਸ਼ਾਹ ਨਾਲ ਲੋਕਾਂ ਦੀ ਸੇਵਾ ਕਰ ਰਹੇ ਹਨ। ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਨਵੇਂ ਬਣੇ ਮੰਤਰੀ ਇਸੇ ਉਤਸ਼ਾਹ ਤੇ ਭਾਵਨਾ ਨਾਲ ਲੋਕਾਂ ਦੀ ਸੇਵਾ ਜਾਰੀ ਰੱਖਣਗੇ।

# ਲਾਲ ਚੰਦ ਕਟਾਰੂਚੱਕ ਨੇ ਗੰਭੀਰ ਅਪਰਾਧ ਕੀਤਾ ਹੈ, ਉਨ੍ਹਾਂ ਨੂੰ ਕੈਬਿਨਟ ਵਿਚ ਰਹਿਣ ਦਾ ਅਧਿਕਾਰ ਨਹੀਂ: ਪੁਰੋਹਿਤ

ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ): ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਪ੍ਰੈੱਸ ਕਾਨਫਰੰਸ਼ ਦੌਰਾਨ ਲਾਲ ਚੰਦ ਕਟਾਰੂਚੱਕ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ . ਉਨ੍ਹਾਂ ਕਿਹਾ ਕਿ ਲਾਲ ਚੰਦ ਕਟਾਰੂਚੱਕ ਨੇ ਗੰਭੀਰ ਅਪਰਾਧ ਕੀਤਾ ਹੈ ਅਤੇ ਉਨ੍ਹਾਂ ਨੂੰ ਮੰਤਰੀ ਮੰਡਲ ਵਿੱਚ ਨਾ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਰਾਜਪਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ 'ਤੇ ਤੁਰੰਤ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

ਜ਼ਿਕਰਯੋਗ ਹੈ ਕਿ ਲਾਲ ਚੰਦ ਕਟਾਰੂਚੱਕ 'ਤੇ ਵਿਰੋਧੀ ਪਾਰਟੀਆਂ ਵੱਲੋਂ ਲਗਾਤਾਰ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਪਰ ਪਹਿਲੀ ਵਾਰ ਰਾਜਪਾਲ ਦੀ ਤਰਫੋਂ ਇਸ ਮੁੱਦੇ 'ਤੇ ਚਰਚਾ ਹੋਈ ਹੈ। ਸਾਰਾ ਮਾਮਲਾ ਇਸ ਸ਼ਿਕਾਇਤ ਤੋਂ ਸ਼ੁਰੂ ਹੋਇਆ। ਇਸ



ਮਾਮਲੇ ਵਿੱਚ 2 ਕਥਿਤ ਵੀਡੀਓ ਸਾਹ-ਮਣੇ ਆਏ ਸਨ ਜੋ ਪੰਜਾਬ ਦੇ ਰਾਜਪਾਲ ਨੂੰ ਦਿੱਤੇ ਗਏ ਸਨ। ਇਸ ਤੋਂ ਬਾਅਦ ਰਾਜਪਾਲ ਨੇ ਇਨ੍ਹਾਂ ਵੀਡੀਓਜ਼ ਨੂੰ ਦੇਖਣ ਤੋਂ ਬਾਅਦ ਅਗਲੇਰੀ ਜਾਂਚ ਲਈ ਭੇਜ ਦਿੱਤਾ ਸੀ।

ਇਸਦੇ ਨਾਲ ਹੀ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਅੱਜ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਪੰਜਾਬ ਯੂਨੀਵਰਸਿਟੀ ਮਾਮਲੇ 'ਤੇ ਮੀਟਿੰਗ ਵਿਚ ਸੁਝਾਅ ਦਿੱਤਾ ਹੈ ਕਿ ਪੰਜਾਬ ਯੂਨੀਵਰਸਿਟੀ ਲਈ ਗਰਾਂਟ ਪੰਜਾਬ ਅਤੇ ਹਰਿਆਣਾ ਦੋਵੇਂ 20-20 ਫੀਸਦੀ ਦੇਣ ਅਤੇ 60 ਫੀਸਦੀ ਗ੍ਰਾਂਟ ਯੂ.ਟੀ ਦਿੰਦਾ ਹੈ।

ਪੰਜਾਬ ਰਾਜਪਾਲ ਨੇ ਦੱਸਿਆ ਕਿ ਹਰਿਆਣਾ ਨੇ ਮੰਗ ਕੀਤੀ ਹੈ ਕਿ ਪੰਜਾਬ ਯੂਨੀਵਰਸਿਟੀ ਉਸਦੇ ਕਾਲਜਾਂ ਨੂੰ ਵੀ ਮਾਨਤਾ ਦੇਵੇ। ਪੰਜਾਬ ਦੇ ਮੁੱਖ ਮੰਤਰੀ ਨੇ ਕੁਝ ਸਮਾਂ ਮੰਗਿਆ ਹੈ ਤੇ 5 ਜੂਨ ਨੂੰ ਫਿਰ ਤੋਂ ਮੀਟਿੰਗ ਹੋਵੇਗੀ। ਇਸਦੇ ਨਾਲ ਹੀ ਸਵਾਲਾਂ ਦੇ ਜਵਾਬ ਵਿਚ ਰਾਜਪਾਲ ਨੇ ਕਿਹਾ ਕਿ ਮੈਂ ਰਾਜ ਭਵਨ ਵਿਚ ਬੈਠਣ ਵਾਲਾ ਰਾਜਪਾਲ ਨਹੀਂ ਹਾਂ ਅਤੇ ਮੈਂ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦਾ ਫਿਰ ਤੋਂ ਦੌਰਾ ਕਰਾਂਗਾ ਅਤੇ ਆਖਰੀ ਪਿੰਡ ਤੱਕ ਜਾਵਾਂਗਾ। ਉਨ੍ਹਾਂ ਕਿਹਾ ਕਿਮੈਂ ਅਤੇ ਮੇਰੀ ਟੀਮ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਪੂਰੀ ਤਰਾਂ ਅਲਰਟ ਹੈ .

# ਹਾਈਕੋਰਟ ਵੱਲੋਂ ਬਰਜਿੰਦਰ ਹਮਦਰਦ ਨੂੰ ਝਟਕਾ, ਕੇਸ ਸੀ.ਬੀ.ਆਈ. ਨੂੰ ਟਰਾਂਸਫਰ ਕਰਨ ਤੋਂ ਇਨਕਾਰ

**-ਮੁੱਖ ਮੰਤਰੀ ਭਗਵੰਤ ਮਾਨ ਨੂੰ ਨਹੀਂ ਦਿੱਤਾ ਜਾਵੇਗਾ ਕੋਈ ਨੋਟਿਸ**
**-ਭ੍ਰਿਸ਼ਟਾਚਾਰ ਸਬੰਧੀ ਮਾਮਲੇ ਦੀ ਜਾਂਚ ਜਾਰੀ ਰਹੇਗੀ**

ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ): ਬਰਜਿੰਦਰ ਸਿੰਘ ਹਮਦਰਦ ਨੂੰ ਵੱਡਾ ਝਟਕਾ ਦਿੰਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਅੱਜ ਉਨ੍ਹਾਂ ਵਿਰੁੱਧ ਕੇਸ ਸੀਬੀਆਈ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਇਹ ਪ੍ਰਗਟਾਵਾ ਕਰਦਿਆਂ ਅੱਜ ਇੱਥੇ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਬਰਜਿੰਦਰ ਸਿੰਘ ਹਮਦਰਦ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕਰਕੇ ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਸ਼ੁਰੂ ਕੀਤੀ ਵਿਜੀਲੈਂਸ ਜਾਂਚ (07/2022, ਜਲੰਧਰ) ਨੂੰ ਸੀ.ਬੀ.ਆਈ. ਨੂੰ ਟਰਾਂਸਫਰ ਕਰਨ ਲਈ ਨਿਰਦੇਸ਼ ਦੇਣ ਦੀ ਅਪੀਲ ਕੀਤੀ ਸੀ। ਕੇਸ ਦੀ ਸੁਣਵਾਈ ਕਰਨ ਉਪਰੰਤ ਜਸਟਿਸ ਵਿਨੋਦ ਐਸ ਭਾਰਦਵਾਜ ਨੇ ਪ੍ਰਤੀਵਾਦੀ ਨੰ. 3 ਯਾਨੀ ਸ. ਭਗਵੰਤ ਮਾਨ, ਮੁੱਖ ਮੰਤਰੀ ਪੰਜਾਬ ਅਤੇ ਪ੍ਰਤੀਵਾਦੀ ਨੰ. 4 ਯਾਨੀ ਸੀ.ਬੀ.ਆਈ. ਨੂੰ ਨੋਟਿਸ ਜਾਰੀ



ਕਰਨ ਤੋਂ ਇਨਕਾਰ ਕਰ ਦਿੱਤਾ। ਹਮਦਰਦ ਨੂੰ ਕੋਈ ਅੰਤਰਿਮ ਰਾਹਤ ਦੇਣ ਤੋਂ ਇਨਕਾਰ ਕਰਦਿਆਂ ਅਦਾਲਤ ਨੇ ਜਾਂਚ ਜਾਰੀ ਰੱਖਣ ਲਈ ਕਿਹਾ ਹੈ। ਇਸ ਦੌਰਾਨ ਅਦਾਲਤ ਨੇ ਸਟੇਟ ਕਾਊਂਸਲ ਨੂੰ ਪਟੀਸ਼ਨਕਰਤਾ ਨੂੰ ਇੱਕ ਪ੍ਰਸ਼ਨਾਵਲੀ ਭੇਜਣ ਲਈ ਕਿਹਾ ਹੈ ਅਤੇ ਪਟੀਸ਼ਨਕਰਤਾ ਨੂੰ ਜਵਾਬ ਦਾਖਲ ਕਰਨ ਲਈ ਦੋ ਹਫ਼ਤਿਆਂ ਦਾ ਸਮਾਂ ਦਿੱਤਾ ਗਿਆ ਹੈ। ਜਸਟਿਸ ਭਾਰਦਵਾਜ ਨੇ ਇਹ ਵੀ ਆਦੇਸ਼ ਦਿੱਤੇ ਹਨ ਕਿ ਜੇਕਰ ਸੂਬਾ ਪਟੀਸ਼ਨਕਰਤਾ ਵਿਰੁੱਧ ਐਫ.ਆਈ.ਆਰ. ਦਰਜ ਕਰਦਾ ਹੈ, ਤਾਂ ਉਸ ਨੂੰ 7 ਦਿਨਾਂ ਦਾ ਅਗਾਊਂ ਨੋਟਿਸ ਦਿੱਤਾ ਜਾਵੇ। ਅਦਾਲਤ ਨੇ ਪਟੀਸ਼ਨਰ ਦੇ ਵਕੀਲ ਨੂੰ ਮਾਮਲੇ ਦੀ ਜਾਂਚ ਦੌਰਾਨ ਪੂਰਾ ਸਹਿਯੋਗ ਦੇਣ ਦਾ ਆਦੇਸ਼ ਦਿੰਦਿਆਂ ਪੰਜਾਬ ਰਾਜ ਅਤੇ ਵਿਜੀਲੈਂਸ ਬਿਊਰੋ ਪੰਜਾਬ ਨੂੰ ਨੋਟਿਸ ਆਫ਼ ਮੋਸ਼ਨ ਜਾਰੀ ਕੀਤਾ ਹੈ।

ਸੁਣਵਾਈ ਦੀ ਅਗਲੀ ਤਰੀਕ 16 ਅਗਸਤ, 2023 ਤੈਅ ਕੀਤੀ ਗਈ ਹੈ। ਇਸ ਦੌਰਾਨ, ਹਮਦਰਦ ਨੇ ਆਪਣੀ ਪਟੀਸ਼ਨ ਵਿੱਚ ਸੀਬੀਆਈ ਨੂੰ ਨਿਰਪੱਖ ਜਾਂਚ ਲਈ ਨਿਰਦੇਸ਼ ਦੇਣ ਅਤੇ ਉਸਦੇ ਖਿਲਾਫ਼ ਉਕਤ ਜਾਂਚ ਸ਼ੁਰੂ ਕਰਨ ਦੇ ਕਾਰਨਾਂ ਅਤੇ ਤੱਥਾਂ ਦੀ ਸਮੀਖਿਆ ਕਰਨ ਦੀ ਬੇਨਤੀ ਵੀ ਕੀਤੀ। ਉਹਨਾਂ ਆਪਣੀ ਅਪੀਲ ਵਿੱਚ ਇਹ ਵੀ ਬੇਨਤੀ ਕੀਤੀ ਸੀ ਕਿ ਮੌਜੂਦਾ ਰਿੱਟ ਪਟੀਸ਼ਨ ਦੇ ਲੰਬਿਤ ਹੋਣ ਦੌਰਾਨ, ਜਾਂਚ ਨੰ. 07/2022, ਜਲੰਧਰ ਤੋਂ ਹੋਣ ਵਾਲੀ ਅਗਲੀ ਕਾਰਵਾਈ ਨੂੰ ਮੁਲਤਵੀ ਰੱਖਣ ਦੇ ਆਦੇਸ਼ ਜਾਰੀ ਕੀਤੇ ਜਾਣ।

# ਸ਼੍ਰੋਮਣੀ ਅਕਾਲੀ ਦਲ ਸੰਯੁਕਤ ਵੱਲੋਂ ਦੋ ਜਨਰਲ ਸਕੱਤਰ ਤੇ ਦੋ ਜ਼ਿਲ੍ਹਾ ਪ੍ਰਧਾਨ ਨਿਯੁਕਤ



ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸ.ਸੁਖਦੇਵ ਸਿੰਘ ਢੀਂਡਸਾ ਨੇ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਪਾਰਟੀ ਵਿਚ ਦੋ ਜਨਰਲ ਸਕੱਤਰਾਂ ਅਤੇ ਦੋ ਜ਼ਲ੍ਹਿਾ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਹੈ। ਪਾਰਟੀ ਦੇ ਦਫਤਰ ਸਕੱਤਰ ਦਵਿੰਦਰ ਸਿੰਘ ਸੋਢੀ ਨੇ ਇਸ ਸਬੰਧੀ ਜਾਰੀ ਪ੍ਰੈਸ ਬਿਆਨ ਵਿੱਚ ਦੱਸਿਆ ਕਿ ਸੰਗਰੂਰ ਦੇ ਜ਼ਲ੍ਹਿਾ ਪ੍ਰਧਾਨ ਗੁਰਬਚਨ ਸਿੰਘ ਬਚੀ ਅਤੇ ਜਗਰੂਪ ਸਿੰਘ ਘੱਲ ਕਲਾਂ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ।

ਇਸੇ ਤਰ੍ਹਾਂ ਸਤਿਗੁਰ ਸਿੰਘ ਨਮੋਲ ਨੂੰ ਸੰਗਰੂਰ ਅਤੇ ਜਗਤਾਰ ਸਿੰਘ ਰਾਜੇਆਣਾ ਨੂੰ ਮੋਗਾ ਦਾ ਜ਼ਲ੍ਹਿਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸੋਢੀ ਨੇ ਦੱਸਿਆ ਕਿ ਇਸ ਤੋ ਪਹਿਲਾ ਜੁਗਰਾਜ ਸਿੰਘ ਦੌਧਰ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਦੀ ਜ਼ੰਮਿੇਵਾਰੀ ਨਿਭਾਅ ਰਹੇ ਸਨ। ਨਵ-ਨਿਯੁਕਤ ਆਗੂ ਪਾਰਟੀ ਵੱਲੋਂ ਦਿੱਤੀ ਗਈ ਇਸ ਨਵੀਂ ਜ਼ੰਮਿੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦੇ ਪ੍ਰਚਾਰ-ਪ੍ਰਸਾਰ ਲਈ ਤਨਦੇਹੀ ਤੇ ਲਗਨ ਨਾਲ ਕੰਮ ਕਰਨਗੇ।

# ਮਹਿਲਾ ਪੱਤਰਕਾਰਾਂ ਲਈ ਅਗਲੇ ਸਾਲ ਪਟਿਆਲਾ ਵਿਖੇ ਹੋਵੇਗਾ ਰਾਜ ਪੱਧਰੀ ਸਮਾਗਮ: ਚੇਤਨ ਸਿੰਘ ਜੋੜਾ ਮਾਜਰਾ

ਚੰਡੀਗੜ੍ਹ, 1 ਜੂਨ (ਪੋਸਟ ਬਿਊਰੋ): ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਔਰਤਾਂ ਨੂੰ ਬਣਦਾ ਦਰਜਾ ਅਤੇ ਸਨਮਾਨ ਦੇਣ ਲਈ ਵਚਨਬੱਧ ਹੈ। ਇਸੇ ਮੰਤਵ ਦੀ ਦਿਸ਼ਾ ਵੱਲ ਵਧਦਿਆਂ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ, ਸੂਚਨਾ ਤੇ ਲੋਕ ਸੰਪਰਕ, ਬਾਗਬਾਨੀ ਮੰਤਰੀ ਚੇਤਨ ਸਿੰਘ ਜੋੜਾ ਮਾਜਰਾ ਅਤੇ ਸਮਾਜਿਕ ਨਿਆਂ, ਸਸ਼ਕਤੀਕਰਨ ਤੇ ਘੱਟ ਗਿਣਤੀ ਅਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਪ੍ਰੈਸ ਕਲੱਬ ਚੰਡੀਗੜ੍ਹ ਵਿਖੇ ਮਹਿਲਾ ਪੱਤਰਕਾਰ ਹਰਦੀਪ ਕੌਰ ਦੀ ਅਗਵਾਈ ਵਾਲੇ ਦਿਸ਼ਾ ਫ਼ਾਉਂਡੇਸ਼ਨ ਵਲੋਂ ਕਰਵਾਈ



ਗਈ ਰਾਸ਼ਟਰੀ ਮਹਿਲਾ ਪੱਤਰਕਾਰ ਕਾਨਫਰੰਸ ਵਿੱਚ ਸ਼ਿਰਕਤ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾ ਮਾਜਰਾ ਨੇ ਕਿਹਾ ਕਿ ਸਮਾਜ ਔਰਤਾਂ ਬਿਨ੍ਹਾਂ ਅਧੂਰਾ ਹੈ। ਇਸ ਸਮਾਗਮ ਦਾ ਉਦੇਸ਼ ਮੌਜੂਦਾ ਸਮੇਂ ਵਿੱਚ ਪੱਤਰਕਾਰੀ ਖੇਤਰਾਂ ਵਿੱਚ ਸਫਲਤਾਪੂਰਵਕ ਪ੍ਰਾਪਤੀਆਂ ਕਰਨ ਵਾਲੀਆਂ ਔਰਤਾਂ ਵਿੱਚ ਹਿੰਮਤ ਅਤੇ ਉਤਸ਼ਾਹ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਮਹਿਲਾ ਪੱਤਰਕਾਰਾਂ ਲਈ ਰਾਜ ਪੱਧਰੀ ਸਮਾਗਮ ਅਗਲੇ ਸਾਲ ਪਟਿਆਲਾ ਵਿਖੇ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਾਨਫਰੰਸ ਦਾ ਉਦੇਸ਼ ਮਹਿਲਾ ਪੱਤਰਕਾਰਾਂ ਲਈ ਉਹਨਾਂ ਚੁਣੌਤੀਆਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਇੱਕ ਪਲੇਟਫਾਰਮ ਤਿਆਰ ਕਰਨਾ ਹੈ ਜੋ ਉਹਨਾਂ ਨੂੰ ਆਪਣੇ ਪੇਸ਼ੇ ਵਿੱਚ ਆਉਣ ਵਾਲੀਆ ਮੁਸ਼ਕਿਲਾ ਅਤੇ ਹੱਲ ਲਈ ਅਨੁਕੂਲ ਵਾਤਾਵਰਣ ਨੂੰ ਉਤਸ਼ਾਹਿਤ ਕਰੇਗੀ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

